ਵੀਰਵਾਰ, 3 ਨਵੰਬਰ, 2022
18 ਕੱਤਕ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 153

ਨਵਾਂ ਜ਼ਮਾਨਾ

DAILY NAWAN ZAMANA • THURSDAY, 3 NOVEMBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਪੂਜਾ ਭੱਟ ਭਾਰਤ ਜੋੜੋ ਯਾਤਰਾ ਦਾ ਹਿੱਸਾ ਬਣੀ

ਹੈਦਰਾਬਾਦ : ਅਦਾਕਾਰਾ-ਫਿਲਮ ਨਿਰਮਾਤਾ ਪੂਜਾ ਭੱਟ ਬੁੱਧਵਾਰ ਇੱਥੇ ਭਾਰਤ ਜੋੜੋ ਯਾਤਰਾ 'ਚ ਰਾਹੁਲ ਗਾਂਧੀ ਦੇ ਕਦਮ ਨਾਲ ਕਦਮ ਮਿਲਾਏ। ਭੱਟ ਪਹਿਲੀ ਮਸ਼ਹੂਰ ਬਾਲੀਵੁੱਡ ਹਸਤੀ, ਜੋ ਯਾਤਰਾ 'ਚ ਸ਼ਾਮਲ ਹੋਈ ਹੈ। ਉਸ ਨੂੰ ਰਾਹੁਲ ਦੇ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਦੇਖਿਆ ਗਿਆ। ਉਹ ਜਦੋਂ ਰਾਹੁਲ ਗਾਂਧੀ ਦੇ ਨਾਲ ਤੇਜ਼ ਰਫਤਾਰ ਨਾਲ ਕੁਝ ਦੂਰੀ ਤੱਕ ਤੁਰੀ ਤਾਂ ਉਥੇ ਮੌਜੂਦ ਲੋਕਾਂ ਨੇ ਤਾੜੀਆਂ ਮਾਰੀਆਂ।

ਇਲਾ ਭੱਟ ਦਾ ਦੇਹਾਂਤ

ਅਹਿਮਦਾਬਾਦ : ਮਸ਼ਹੂਰ ਮਹਿਲਾ ਅਧਿਕਾਰ ਕਾਰਕੁਨ ਅਤੇ ਸਵੈ-ਰੁਜ਼ਗਾਰ ਮਹਿਲਾ ਸੰਘ (ਸੇਵਾ) ਦੀ ਸੰਸਥਾਪਕ ਇਲਾ ਭੱਟ ਦਾ ਬੁੱਧਵਾਰ ਵੱਡੀ ਉਮਰ ਸੰਬੰਧੀ ਬਿਮਾਰੀਆਂ ਕਾਰਨ ਦੇਹਾਂਤ ਹੋ ਗਿਆ। ਉਹ 89 ਸਾਲਾਂ ਦੇ ਸਨ। ਵਕਾਲਤ ਦੀ ਪੜ੍ਹਾਈ ਕਰਨ ਵਾਲੀ ਗਾਂਧੀਵਾਦੀ ਭੱਟ ਵੱਲੋਂ ਸਥਾਪਤ 'ਸੇਵਾ' 1972 ਵਿਚ ਰਜਿਸਟਰਡ ਹੋਈ ਸੀ ਤੇ ਇਹ ਮਹਿਲਾਵਾਂ ਦੀ ਸਭ ਤੋਂ ਵੱਡੀਆਂ ਕੋਆਪ੍ਰੇਟਿਵਾਂ ਤੇ ਕੌਮੀ ਟਰੇਡ ਯੂਨੀਅਨਾਂ ਵਿਚੋਂ ਇਕ ਹੈ। ਇਸ ਦੇ 18 ਰਾਜਾਂ ਵਿਚ ਗਰੀਬਾਂ ਤੇ ਗੈਰ-ਰਸਮੀ ਖੇਤਰਾਂ ਦੀਆਂ ਮਹਿਲਾ ਵਰਕਰਾਂ ਵਜੋਂ 21 ਲੱਖ ਤੋਂ ਵੱਧ ਮੈਂਬਰ ਹਨ।

ਈ ਡੀ ਦਾ ਸੋਰੇਨ ਨੂੰ ਸੱਦਾ

ਨਵੀਂ ਦਿੱਲੀ : ਈ ਡੀ ਨੇ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ 3 ਨਵੰਬਰ ਨੂੰ ਪੁੱਛ-ਪੜਤਾਲ ਲਈ ਤਲਬ ਕੀਤਾ ਹੈ। 47 ਸਾਲਾ ਸੋਰੇਨ ਨੂੰ ਵੀਰਵਾਰ ਨੂੰ ਰਾਜ ਦੀ ਰਾਜਧਾਨੀ ਰਾਂਚੀ 'ਚ ਈ ਡੀ ਦੇ ਖੇਤਰੀ ਦਫਤਰ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ।

ਰਿਜ਼ਰਵ ਬੈਂਕ ਨੇ ਖੁਦ ਨੂੰ ਸਹੀ ਠਹਿਰਾਇਆ

ਮੁੰਬਈ : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਮਹਿੰਗਾਈ ਨਾਲ ਨਜਿੱਠਣ ਲਈ ਰਿਜ਼ਰਵ ਬੈਂਕ ਵੱਲੋਂ ਚੁੱਕੇ ਕਦਮਾਂ ਦਾ ਬੁੱਧਵਾਰ ਬਚਾਅ ਕੀਤਾ। ਇਥੇ ਬੈਂਕਰਾਂ ਦੀ ਸਾਲਾਨਾ ਕਾਨਫਰੰਸ 'ਚ ਦਾਸ ਨੇ ਕਿਹਾ ਕਿ ਸਮੇਂ ਤੋਂ ਪਹਿਲਾਂ ਸਖਤ ਕਦਮ ਚੁੱਕਣ ਨਾਲ ਆਰਥਿਕਤਾ ਅਤੇ ਨਾਗਰਿਕਾਂ ਨੂੰ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ।

ਨਵੇਂ ਚੀਫ ਜਸਟਿਸ ਖਿਲਾਫ ਪਟੀਸ਼ਨ ਰੱਦ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸਭ ਤੋਂ ਸੀਨੀਅਰ ਜਸਟਿਸ ਡੀ ਵਾਈ ਚੰਦਰਚੂੜ ਨੂੰ 9 ਨਵੰਬਰ ਨੂੰ ਚੀਫ ਜਸਟਿਸ ਵਜੋਂ ਸਹੁੰ ਚੁੱਕਣ ਤੋਂ ਰੋਕਣ ਦੀ ਮੰਗ ਵਾਲੀ ਪਟੀਸ਼ਨ ਬੁੱਧਵਾਰ ਰੱਦ ਕਰ ਦਿੱਤੀ।

ਭਾਰਤ ਨੇ ਬੰਗਲਾਦੇਸ਼ ਨੂੰ ਹਰਾਇਆ

ਐਡੀਲੇਡ : ਭਾਰਤ ਨੇ ਬੁੱਧਵਾਰ ਇਥੇ ਆਈ ਸੀ ਸੀ ਟੀ-20 ਵਿਸ਼ਵ ਕੱਪ ਦੇ ਸੁਪਰ 12 ਮੈਚ 'ਚ ਬੰਗਲਾਦੇਸ਼ ਨੂੰ 5 ਦੌੜਾਂ ਨਾਲ ਹਰਾ ਦਿੱਤਾ। ਭਾਰਤ ਨੇ ਛੇ ਵਿਕਟਾਂ 'ਤੇ 184 ਦੌੜਾਂ ਬਣਾਈਆਂ। ਵਿਰਾਟ ਕੋਹਲੀ ਨੇ ਨਾਬਾਦ 64 ਦੌੜਾਂ, ਜਦਕਿ ਲੋਕੇਸ਼ ਰਾਹੁਲ ਨੇ 50 ਦੌੜਾਂ ਬਣਾਈਆਂ। ਮੀਂਹ ਕਾਰਨ ਮੈਚ ਰੋਕਣਾ ਪਿਆ। ਇਸ ਕਾਰਨ ਜਿੱਤ ਲਈ ਟੀਚਾ 16 ਓਵਰਾਂ 'ਚ 151 ਦੌੜਾਂ ਮਿੱਥ ਦਿੱਤਾ ਗਿਆ। ਬੰਗਲਾਦੇਸ਼ 6 ਵਿਕਟਾਂ 'ਤੇ 145 ਦੌੜਾਂ ਬਣਾ ਸਕਿਆ।

ਪ੍ਰਕਾਸ਼ ਪੁਰਬ ਵਿਸ਼ੇਸ਼ ਸਪਲੀਮੈਂਟ

ਅਸ਼ੋਕ ਸ਼ਰਮਾ (ਫਿਰੋਜ਼ਪੁਰ) 81468-22544

ਸ਼ਾਮ ਲਾਲ ਚਾਵਲਾ (ਕੋਟਕਪੂਰਾ) 98550-56277

ਅਮਰਜੀਤ ਬੱਬਰੀ (ਮੋਗਾ) 94630-83363

ਦਰਸ਼ਨ ਜਿੰਦਲ (ਰਾਮਪੁਰਾ ਫੂਲ) 94172-27460

ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ) 94176-12036

ਹਰਿੰਦਰਪਾਲ ਸਿੰਘ (ਜੰਡਿਆਲਾ ਗੁਰੂ) 81463-05443

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

ਬਾਗੀ ਬੀਬੀ ਸਸਪੈਂਡ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਬੁੱਧਵਾਰ ਬੀਬੀ ਜਗੀਰ ਕੌਰ ਨੂੰ ਪਾਰਟੀ ਵਿੱਚੋਂ ਮੁਅੱਤਲ ਕਰ ਦਿੱਤਾ। ਇਸ ਦੇ ਨਾਲ ਹੀ ਕਾਰਨ ਦੱਸੋ ਨੋਟਿਸ ਜਾਰੀ ਕਰਕੇ 48 ਘੰਟਿਆਂ 'ਚ ਜਵਾਬ ਮੰਗ ਲਿਆ। ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ। ਬੀਬੀ ਜਗੀਰ ਕੌਰ ਨੇ ਪਾਰਟੀ ਫੈਸਲੇ ਤੋਂ ਬਾਹਰ ਜਾ ਕੇ 9 ਨਵੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਸੀ, ਜਿਸ ਤੋਂ ਬਾਅਦ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸੁਰਜੀਤ ਸਿੰਘ ਰੱਖੜਾ ਉਨ੍ਹਾਂ ਨੂੰ ਮਨਾਉਣ ਉਨ੍ਹਾਂ ਦੇ ਘਰ ਵੀ ਗਏ, ਪਰ ਉਨ੍ਹਾਂ ਆਪਣੇ ਫੈਸਲੇ 'ਤੇ ਕਾਇਮ ਰਹਿਣ ਦੀ ਗੱਲ ਕਹੀ। ਉਸ ਤੋਂ ਬਾਅਦ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਹੋਈ, ਜਿਸ 'ਚ ਬੀਬੀ ਜਗੀਰ ਕੌਰ ਨੂੰ ਪਾਰਟੀ ਵਿੱਚੋਂ ਮੁਅੱਤਲ ਕਰਨ ਦਾ ਫੈਸਲਾ ਲਿਆ ਗਿਆ।

ਕੈਨੇਡਾ ਹਰ ਸਾਲ 5 ਲੱਖ ਪਰਵਾਸੀ ਸੱਦੇਗਾ

ਓਟਵਾ : ਕੈਨੇਡੀਅਨ ਸਰਕਾਰ ਨੇ ਕਾਮਿਆਂ ਦੀ ਘਾਟ ਦੀ ਸਮੱਸਿਆ ਨਾਲ ਨਜਿੱਠਣ ਲਈ 2025 ਤੱਕ ਹਰ ਸਾਲ ਪੰਜ ਲੱਖ ਪਰਵਾਸੀਆਂ ਨੂੰ ਸੱਦਣ ਦਾ ਫੈਸਲਾ ਕੀਤਾ ਹੈ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ ਸੀਨ ਫਰੇਜ਼ਰ ਵੱਲੋਂ ਕੈਨੇਡਾ ਦੀ 2023-2025 ਇਮੀਗ੍ਰੇਸ਼ਨ ਯੋਜਨਾ ਜਾਰੀ ਕੀਤੀ ਗਈ ਹੈ। ਮੰਤਰਾਲੇ ਦੇ ਬਿਆਨ ਅਨੁਸਾਰ ਕੈਨੇਡੀਅਨ ਆਰਥਿਕਤਾ ਹੁਣ ਕਾਮਿਆਂ ਦੀ ਗੰਭੀਰ ਘਾਟ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਸਾਲ ਕੈਨੇਡਾ ਨੇ 4,05,000 ਤੋਂ ਵੱਧ ਕਾਮਿਆਂ ਦਾ ਸੁਆਗਤ ਕੀਤਾ ਸੀ।

ਬਲੂ ਟਿੱਕ ਬੈਜ ਪ੍ਰਤੀ ਮਹੀਨਾ 8 ਡਾਲਰ ਦੇਣੇ ਪੈਣਗੇ

ਨਿਊਯਾਰਕ : ਟਵਿੱਟਰ 'ਤੇ ਪੁਸ਼ਟੀ ਤੋਂ ਬਾਅਦ ਜਾਰੀ ਕੀਤੇ ਜਾਂਦੇ 'ਬਲੂ ਟਿੱਕ' ਬੈਜ ਲਈ ਯੂਜ਼ਰਜ਼ ਨੂੰ ਪ੍ਰਤੀ ਮਹੀਨਾ 8 ਅਮਰੀਕੀ ਡਾਲਰ ਦਾ ਭੁਗਤਾਨ ਕਰਨਾ ਹੋਵੇਗਾ। ਉਦਯੋਗਪਤੀ ਐਲੋਨ ਮਸਕ, ਜਿਸ ਨੇ ਹਾਲ ਹੀ 'ਚ ਸੋਸ਼ਲ ਮੀਡੀਆ ਪਲੇਟਫਾਰਮ ਖਰੀਦਿਆ ਹੈ, ਨੇ ਇਸ ਦਾ ਐਲਾਨ ਕੀਤਾ ਹੈ। ਇਸ ਫੈਸਲੇ ਦੀ ਬਹੁਤ ਸਾਰੇ ਯੂਜ਼ਰਜ਼ ਨੇ ਆਲੋਚਨਾ ਕਰਨ ਦੇ ਨਾਲ-ਨਾਲ ਨਾਰਾਜ਼ਗੀ ਜ਼ਾਹਰ ਕੀਤੀ ਹੈ। ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਨੇ ਲੰਬੇ ਵਿਵਾਦ ਤੋਂ ਬਾਅਦ 27 ਅਕਤੂਬਰ ਨੂੰ 44 ਅਰਬ ਡਾਲਰ 'ਚ ਟਵਿੱਟਰ ਦੀ ਮਾਲਕੀ ਹਾਸਲ ਕੀਤੀ ਸੀ।

ਇਹ ਕਾਬਲ ਦਾ ਨਹੀਂ, ਆਪਣੇ ਮੁਲਕ ਦਾ ਨਜ਼ਾਰਾ

ਭੋਪਾਲ : ਛੱਤੀਸਗੜ੍ਹ ਦੇ ਸ਼ਹਿਰ ਬਿਲਾਸਪੁਰ ਜ਼ਿਲ੍ਹੇ ਵਿਚ ਕਥਿਤ ਤੌਰ 'ਤੇ ਗਊ ਦਾ ਮਾਸ ਵੇਚਣ ਦੇ ਦੋਸ਼ ਵਿਚ ਦੋ ਵਿਅਕਤੀਆਂ ਨੂੰ ਸਰੇਆਮ ਨੰਗੇ ਕਰਕੇ ਬੈੱਲਟ ਨਾਲ ਲਾਸਾਂ ਪਾਈਆਂ ਗਈਆਂ। ਇਕ ਬੰਦਾ ਬੈੱਲਟ ਮਾਰ ਰਿਹਾ ਸੀ ਤੇ ਹੋਰ ਵੀਡੀਓ ਬਣਾ ਰਹੇ ਸਨ। ਪੁਲਸ ਨੇ ਦੱਸਿਆ ਕਿ ਸੁਮਿਤ ਨਾਇਕ ਨੇ ਮੰਗਲਵਾਰ ਸ਼ਿਕਾਇਤ ਦੇ ਕੇ ਕਿਹਾ ਸੀ ਕਿ ਨਰਸਿੰਘ ਦਾਸ (50) ਤੇ ਰਾਮ ਨਿਵਾਸ ਮੇਹਰ ਦੋ ਪਹੀਆ ਵਾਹਨ 'ਤੇ ਗਊ ਦਾ ਮਾਸ ਲਿਜਾ ਰਹੇ ਹਨ। ਜਦੋਂ ਉਸ ਨੇ ਤੇ ਹੋਰਨਾਂ ਨੇ ਰੋਕ ਕੇ ਪੁੱਛਿਆ ਕਿ ਬੋਰੇ ਵਿਚ ਕੀ ਹੈ ਤਾਂ ਉਨ੍ਹਾਂ ਕਿਹਾ ਕਿ ਗਊ ਦਾ ਮਾਸ ਹੈ। ਸੀਨੀਅਰ ਪੁਲਸ ਅਫਸਰਾਂ ਨੂੰ ਸੂਚਿਤ ਕਰਨ ਤੋਂ ਬਾਅਦ ਦੋਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਪੁਲਸ ਮੁਤਾਬਕ ਉਨ੍ਹਾਂ ਕੋਲੋਂ ਸਾਢੇ 33 ਕਿੱਲੋ ਗਊ ਦਾ ਮਾਸ ਮਿਲਿਆ। ਇਸ ਦੀ ਵੈਟਰਨਰੀ ਡਾਕਟਰ ਨੇ ਵੀ ਜਾਂਚ ਕੀਤੀ, ਪਰ ਪੁਲਸ ਨੇ ਜਾਂਚ ਕਰਨ ਦੇ ਢੰਗ ਬਾਰੇ ਨਹੀਂ ਦੱਸਿਆ। ਸੀਨੀਅਰ ਪੁਲਸ ਅਫਸਰਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਇਹ ਵੀ ਪਤਾ ਨਹੀਂ ਲੱਗਾ ਕਿ ਕੀ ਬੈੱਲਟ ਮਾਰਨ ਵਾਲੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ।

ਉੱਤਰੀ ਤੇ ਦੱਖਣੀ ਕੋਰੀਆ ਨੇ ਮਿਜ਼ਾਈਲਾਂ ਚਲਾਈਆਂ

ਸਿਓਲ : ਉੱਤਰੀ ਕੋਰੀਆ ਨੇ ਬੁੱਧਵਾਰ ਕੋਰੀਆਈ ਖਿੱਤੇ ਦੇ ਪੂਰਬੀ ਅਤੇ ਪੱਛਮੀ ਤੱਟਾਂ ਦੇ ਨੇੜੇ 10 ਤੋਂ ਵੱਧ ਮਿਜ਼ਾਈਲਾਂ ਦਾਗੀਆਂ, ਜਿਸ ਨਾਲ ਦੱਖਣੀ ਕੋਰੀਆ 'ਚ ਖਤਰੇ ਦੇ ਘੁੱਗੂ ਵੱਜਣ ਲੱਗੇ ਤੇ ਲੋਕ ਤਹਿਖਾਨਿਆਂ 'ਚ ਲੁਕਣ ਲੱਗੇ। ਦੱਖਣੀ ਕੋਰੀਆ ਨੇ ਵੀ ਹਵਾ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੀਆਂ ਤਿੰਨ ਮਿਜ਼ਾਈਲਾਂ ਦੀ ਪਰਖ ਕਰਕੇ ਤੁਰੰਤ ਜਵਾਬੀ ਕਾਰਵਾਈ ਕੀਤੀ। ਇਸ ਤੋਂ ਪਹਿਲਾਂ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਨਾਲ ਸਾਂਝਾ ਫੌਜੀ ਅਭਿਆਸ ਕਰਨ ਲਈ ਅਮਰੀਕਾ ਦੀ ਆਲੋਚਨਾ ਕੀਤੀ ਸੀ।

ਪੰਜਾਬ ਤੋਂ ਗਈ ਬੱਸ ਨੇ ਯੂ ਪੀ 'ਚ ਪੰਜ ਦਰੜੇ

ਅਲੀਗੜ੍ਹ (ਯੂਪੀ) : ਹਾਈਵੇਅ 'ਤੇ ਮੰਗਲਵਾਰ ਰਾਤ ਨੂੰ ਜੱਟਾਰੀ ਅਤੇ ਤੱਪਲ ਟਾਊਨਸ਼ਿਪ ਦੇ ਵਿਚਕਾਰ ਨਿੱਜੀ ਬੱਸ ਨੇ ਕਾਰਾਂ, ਟੈਂਪੂ ਅਤੇ ਦੋਪਹੀਆ ਵਾਹਨਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅੱਧੀ ਦਰਜਨ ਤੋਂ ਵੱਧ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਪੰਜਾਬ ਤੋਂ ਆ ਰਹੀ ਬੱਸ ਅਚਾਨਕ ਬੇਕਾਬੂ ਹੋ ਗਈ ਸੀ। ਚਸ਼ਮਦੀਦਾਂ ਅਨੁਸਾਰ ਡਰਾਈਵਰ ਨਸ਼ੇ 'ਚ ਸੀ।

ਮੁਕੰਮਲ ਜੋੜੀ

ਹਾਪੁੜ : ਕਾਫੀ ਚਿਰ ਤੋਂ ਲਾੜੀ ਲੱਭ ਰਹੇ ਸ਼ਾਮਲੀ ਦੇ ਕੈਰਾਨਾ ਦੇ ਅਜ਼ੀਮ ਮਨਸੂਰੀ ਦਾ ਸੁਫਨਾ ਬੁੱਧਵਾਰ ਪੂਰਾ ਹੋ ਗਿਆ, ਜਦੋਂ ਉਸ ਦਾ ਹਾਪੁੜ ਦੀ ਬੀ ਕਾਮ ਪਾਸ ਬੁਸ਼ਰਾ ਨਾਲ ਨਿਕਾਹ ਹੋਇਆ। ਦੋਹਾਂ ਦੀ ਹਾਈਟ ਤਿੰਨ ਫੁੱਟ ਹੈ। ਨਿੱਕੇ ਕੱਦ ਕਾਰਨ ਵਿਆਹ ਨਾ ਹੋਣ 'ਤੇ ਅਜ਼ੀਮ ਨੇ ਅਧਿਕਾਰੀਆਂ ਤੇ ਯੂ ਪੀ ਦੇ ਮੁੱਖ ਮੰਤਰੀ ਤੱਕ ਤੋਂ ਮਦਦ ਮੰਗੀ ਸੀ, ਪਰ ਉਹ ਚਾਹ ਕੇ ਵੀ ਮਦਦ ਨਹੀਂ ਕਰ ਸਕੇ। ਉਹ ਸਭ ਨੂੰ ਇਹੀ ਬੋਲਦਾ ਸੀ—ਕੋਈ ਮੇਰੀ ਸ਼ਾਦੀ ਕਰਵਾ ਦੇਵੇ।

ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਖਾਰ ਖਾ ਰਹੀ : ਮਾਨ

ਚੰਡੀਗੜ੍ਹ : ਪਰਾਲੀ ਸਾੜਨ ਦੇ ਮਾਮਲੇ ਵਿਚ ਬੁੱਧਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਕੇਂਦਰ ਸਰਕਾਰ 'ਤੇ ਹੱਲਾ ਬੋਲਿਆ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਪਰਾਲੀ ਪ੍ਰਦੂਸ਼ਣ ਬਾਰੇ ਰੋਜ਼ਾਨਾ ਦਿੱਲੀ ਅਤੇ ਪੰਜਾਬ ਸਰਕਾਰਾਂ ਨੂੰ ਘੇਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਜਦੋਂ ਕਿ ਏਅਰ ਕੁਆਲਿਟੀ ਇੰਡੈਕਸ ਦੀ ਰਿਪੋਰਟ ਅਨੁਸਾਰ ਹਰਿਆਣਾ ਅਤੇ ਯੂ ਪੀ ਦੇ ਸ਼ਹਿਰ ਵੱਧ ਪ੍ਰਦੂਸ਼ਤ ਹਨ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਈ ਮਹੀਨੇ ਪਹਿਲਾਂ ਕਮਿਸ਼ਨ ਫਾਰ ਏਅਰ ਕੁਆਲਿਟੀ ਇੰਡੈਕਸ ਨੂੰ ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਦੇ ਦਿੱਤਾ ਸੀ ਕਿ ਪੰਜਾਬ ਦੇ ਕਿਸਾਨਾਂ ਨੂੰ 1500 ਰੁਪਏ ਕੇਂਦਰ, 500 ਰੁਪਏ ਦਿੱਲੀ ਸਰਕਾਰ ਅਤੇ 500 ਰੁਪਏ ਪੰਜਾਬ ਸਰਕਾਰ ਸਣੇ ਕੁੱਲ 2500 ਰੁਪਏ ਪ੍ਰਤੀ ਏਕੜ ਵਿੱਤੀ ਮਦਦ ਦੇਣ। ਦੂਜਾ

● ਬਾਕੀ ਸਫ਼ਾ 2 'ਤੇ

ਜ਼ਿੰਦਗੀ ਦਾ ਮਾਰਗ ਰੁਸ਼ਨਾ ਗਈ ਨਾਟਕਾਂ ਤੇ ਗੀਤਾਂ ਭਰੀ ਰਾਤ

ਬਾਬਾ ਨਜਮੀ ਨੇ ਲਾਹੌਰ ਤੋਂ ਫੋਨ 'ਤੇ ਦਿੱਤਾ ਮੇਲੇ ਨੂੰ ਸੁਨੇਹਾ

ਜਲੰਧਰ (ਕੇਸਰ)- ਪਹਿਲੀ ਨਵੰਬਰ ਨੂੰ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖ਼ਰਲੀ ਰਾਤ ਨੂੰ ਨਾਟਕਾਂ ਅਤੇ ਗੀਤਾਂ ਦੀ ਲੋਅ ਨੇ ਜਗ-ਮਗ, ਜਗ-ਮਗ ਕਰ ਦਿੱਤਾ। ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਮੇਲੇ 'ਚ ਪੇਸ਼ ਨਾਟਕਾਂ ਅਤੇ ਗੀਤਾਂ ਦੇ ਵਿਸ਼ੇ ਅਤੇ ਕਲਾ-ਵੰਨਗੀਆਂ ਸਮਰਪਤ ਨਿਸ਼ਾਨੇ 'ਤੇ ਕੇਂਦਰਤ ਰਹੇ ਦਰਸ਼ਕਾਂ/ਸਰੋਤਿਆਂ ਨੂੰ ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨ ਲਈ ਹਲੂਣਾ ਦੇਣ 'ਚ ਸਫ਼ਲ ਰਹੇ। ਇਸ ਰਾਤ ਦੇ ਉਹ ਪਲ ਖਚਾਖਚ ਭਰੇ ਪੰਡਾਲ ਨੂੰ ਝੰਜੋੜ ਗਏ, ਜਦੋਂ ਲਹਿੰਦੇ ਪੰਜਾਬ ਤੋਂ ਚੋਟੀ ਦੇ ਕਵੀ ਬਾਬਾ ਨਜਮੀ ਦਾ ਸੁਨੇਹਾ

● ਬਾਕੀ ਸਫ਼ਾ 2 'ਤੇ

ਕਾਮਰੇਡ ਰਣਧੀਰ ਗਿੱਲ ਦਾ ਦਿਹਾਂਤ ਕਦੇ ਨਾ ਪੂਰਾ ਹੋਣ ਵਾਲਾ ਘਾਟਾ : ਸੀ ਪੀ ਆਈ

ਚੰਡੀਗੜ੍ਹ (ਗੁਰਜੀਤ ਬਿੱਲਾ)- ਬੰਤ ਸਿੰਘ ਬਰਾੜ ਸਕੱਤਰ ਪੰਜਾਬ ਸੂਬਾ ਕੌਂਸਲ ਸੀ ਪੀ ਆਈ ਨੇ ਅਧਿਆਪਕ ਤੇ ਟਰੇਡ ਯੂਨੀਅਨ ਆਗੂ ਅਤੇ ਸਮਰਪਿਤ ਕਮਿਊਨਿਸਟ ਨੇਤਾ ਕਾਮਰੇਡ ਰਣਧੀਰ ਸਿੰਘ ਗਿੱਲ ਦੇ ਦਿਹਾਂਤ ਉਤੇ ਪਾਰਟੀ ਵੱਲੋਂ, ਸੂਬਾ ਕੌਂਸਲ ਅਤੇ ਆਪਣੇ ਵੱ

3-NOV-PAGE-1.qxd 11/2/2022 10:18 PM Page 2

ਪੱਤਰਕਾਰ ਨੂੰ ਜਲਦੀ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਤੋਂ ਗੁਰੇਜ਼ ਨਹੀਂ ਹੋਵੇਗਾ : ਜਥੇਬੰਦੀਆਂ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਕਸਬਾ ਹਰੀਕੇ ਅੰਦਰ ਦੋਹਰੇ ਕਤਲ ਕਾਂਡ ਨੂੰ ਹੱਲ ਕਰਨ ਲਈ ਤਰਨਤਾਰਨ ਦੀ ਪੁਲਸ ਦੇ ਚਾਰ ਡੀਐੱਸਪੀ, ਦੋ ਸੀਆਈਏ ਇੰਚਾਰਜ ਤੇ ਥਾਣਾ ਮੁਖੀ ਹਰੀਕੇ ਪੱਤਰਕਾਰ ਕਿਰਪਾਲ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਲਗਾਤਾਰ ਯਤਨਸ਼ੀਲ ਰਹੇ। ਅੰਨ੍ਹੇ ਕਤਲ ਦੀ ਗੁੱਥੀ ਸੁਲਝ ਜਾਣ ਮਗਰੋਂ ਗਿਰਗਿਟ ਵਾਂਗ ਰੰਗ ਬਦਲ ਕੇ ਪੁਲਸ ਪੱਤਰਕਾਰ ਨਾਲ ਤੂ-ਤੂੰ ਮੈਂ-ਮੈਂ 'ਤੇ ਉਤਰ ਆਈ ਜਿਸ ਤੋਂ ਗੁਸਾਏ ਪੱਤਰਕਾਰਾਂ ਨੇ ਕਿਸਾਨ ਅਤੇ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਹਿਯੋਗ ਨਾਲ ਹਾਈਵੇ ਜਾਮ ਕਰਕੇ ਪੁਲਸ ਖਿਲਾਫ ਪ੍ਰਦਰਸ਼ਨ ਕੀਤਾ। ਕੇਸ ਦੇ ਕਰੈਡਿਟ ਨੂੰ ਲੈ ਕੇ ਡੀਜੀਪੀ ਪ੍ਰਸ਼ੰਸਾ ਪੱਤਰ 'ਤੇ ਹੱਕ ਜਮਾਉਣ ਆਏ ਆਈ. ਏ. ਸਟਾਫ ਪੱਟੀ ਦਾ ਇੰਚਾਰਜ ਬਿੰਦਰਜੀਤ ਸਿੰਘ ਥਾਣਾ ਹਰੀਕੇ ਵਿਖੇ ਪੱਤਰਕਾਰ ਕਿਰਪਾਲ ਸਿੰਘ ਰੰਧਾਵਾ ਨਾਲ ਖਹਿਬੜਿਆ। ਥਾਣੇ ਅੰਦਰ ਕਤਲ ਮਾਮਲੇ ਦੀ ਤਫਤੀਸ਼ ਲਈ ਕਥਿਤ ਤੌਰ 'ਤੇ ਗ੍ਰਿਫਤਾਰ ਕੀਤੀਆਂ ਔਰਤਾਂ 'ਤੇ ਇੰਚਾਰਜ ਬਿੰਦਰਜੀਤ ਸਿੰਘ ਅਣਮਨੁੱਖੀ ਤਸ਼ੱਦਦ ਕਰ ਰਿਹਾ ਸੀ। ਆਈ. ਏ. ਸਟਾਫ ਦੇ ਇੰਚਾਰਜ ਨੇ ਪੱਤਰਕਾਰ ਨੂੰ ਡਰਾ ਧਮਕਾ ਕੇ ਦਬਕੇ ਮਾਰ ਕੇ ਥਾਣੇ ਤੋਂ ਬਾਹਰ ਜਾਣ ਲਈ ਕਿਹਾ ਤੇ ਡਰਾਉਣ ਧਮਕਾਉਣ ਲੱਗਾ। ਜਦੋਂ ਪੱਤਰਕਾਰ ਨਾਲ ਪੁਲਸ ਦੇ ਰਵੱਈਏ ਸਬੰਧੀ ਕਿਸਾਨ ਆਗੂ ਤੇ ਪੱਤਰਕਾਰ ਭਾਈਚਾਰੇ ਦੇ ਕੁਝ ਆਗੂ ਜਾਣਕਾਰੀ ਲੈਣ ਗਏ ਤਾਂ ਹੰਕਾਰੀ ਬਿੰਦਰਜੀਤ ਸਿੰਘ ਨੇ ਆਖਿਆ ਕਿ ਪੱਤਰਕਾਰ ਆਪਣਾ ਜ਼ੋਰ ਲਗਾ ਲੈਣ ਤੇ ਉਸਨੇ ਆਪਣੇ ਅਹੁਦੇ ਤੇ ਤਾਕਤ ਦਿਖਾਉਣ ਦੀ ਫਿਰ ਧਮਕੀ ਦਿੱਤੀ। ਪੱਤਰਕਾਰ ਭਾਈਚਾਰੇ ਤੇ ਕਿਸਾਨ ਜਥੇਬੰਦੀਆਂ ਵੱਲੋਂ ਪੱਤਰਕਾਰ ਨਾਲ ਕੀਤੇ ਦੁਰਵਿਵਹਾਰ ਦਾ ਇਨਸਾਫ ਲੈਣ ਲਈ ਥਾਣਾ ਹਰੀਕੇ ਵਿਖੇ ਧਰਨਾ ਲਗਾਇਆ ਗਿਆ। ਬਿੰਦਰਜੀਤ ਸਿੰਘ ਆਪਣੇ ਰਵੱਈਏ ਪ੍ਰਤੀ ਗਲਤੀ ਮੰਨਣ ਦੀ ਬਜਾਏ ਆਪਣੇ ਅਹੁਦੇ ਦਾ ਹੰਕਾਰ ਦਿਖਾਉਂਦਾ ਨਜ਼ਰ ਆਇਆ।

ਥਾਣੇ ਅੰਦਰੋਂ ਇਨਸਾਫ ਨਾ ਮਿਲਦਾ ਵੇਖ ਮਜਬੂਰਨ ਨੈਸ਼ਨਲ ਹਾਈਵੇ 54 ਪਿੰਡ ਜੌਣੇਕੇ ਲਾਗੇ ਜਾਮ ਕਰ ਦਿੱਤਾ ਗਿਆ। ਪੱਤਰਕਾਰ ਨਾਲ ਪੁਲਸ ਵੱਲੋਂ ਕੀਤੇ ਦੁਰਵਿਹਾਰ ਸਬੰਧੀ ਐੱਸਐੱਸਪੀ ਇਨਵੈਸਟੀਗੇਸ਼ਨ ਵਿਸ਼ਾਲਜੀਤ ਸਿੰਘ ਨੂੰ ਪੱਤਰਕਾਰ ਯੂਨੀਅਨ ਦੇ ਆਗੂਆਂ ਵੱਲੋਂ ਜਾਣੂ ਕਰਵਾਇਆ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪੰਜਾਬ ਜ਼ਿਲ੍ਹਾ ਪ੍ਰਧਾਨ ਨਿਰਪਾਲ ਸਿੰਘ ਜੌਣੇਕੇ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ, ਕਿਸਾਨ ਸੰਘਰਸ਼ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਸੰਗਠਨ ਸਕੱਤਰ ਜਥੇਦਾਰ ਸੁਖਵਿੰਦਰ ਸਿੰਘ ਸਭਰਾ, ਕੌਮੀ ਕਿਸਾਨ ਏਕਤਾ ਪੰਜਾਬ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਭੁੱਲਰ, ਜਮਹੂਰੀ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ ਚੂਸਲੇਵੜ, ਡਾ. ਜੈਮਲ ਸਿੰਘ ਸੈਦੋ, ਰੈਵੀਨਿਊ ਪਟਵਾਰ ਯੂਨੀਅਨ ਦੇ ਤਹਿਸੀਲ ਪੱਟੀ ਦੇ ਪ੍ਰਧਾਨ ਵਰੁਨਦੀਪ ਸਿੰਘ ਹਰੀਕੇ, ਪੱਟੀ ਪ੍ਰੈੱਸ ਗਰੁੱਪ ਦੇ ਪ੍ਰਧਾਨ ਬਲਦੇਵ ਸਿੰਘ ਸੰਧੂ, ਪ੍ਰੈੱਸ ਕਲੱਬ ਚੋਹਲਾ ਸਾਹਿਬ ਤੋਂ ਰਾਕੇਸ਼ ਨਈਅਰ, ਪ੍ਰੈੱਸ ਗਰੁੱਪ ਖੇਮਕਰਨ ਦੇ ਪ੍ਰਧਾਨ ਲਖਵਿੰਦਰ ਸਿੰਘ ਗੋਲਣ, ਪ੍ਰੈੱਸ ਦੇ ਜ਼ਿਲ੍ਹਾ ਪ੍ਰਧਾਨ ਜਸਮੇਲ ਸਿੰਘ ਚੀਦਾ, ਤਹਿਸੀਲ ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਤੋਂ ਜਤਿੰਦਰ ਸਿੰਘ ਬਾਵਾ, ਅਨਾਜ ਮੰਡੀ ਮਜ਼ਦੂਰ ਯੂਨੀਅਨ ਹਰੀਕੇ ਦੇ ਪ੍ਰਧਾਨ ਜਸਬੀਰ ਸਿੰਘ ਜੌਣੇਕੇ, ਪ੍ਰੈੱਸ ਕਲੱਬ ਮਖੂ ਤੋਂ ਜਗਵੰਤ ਸਿੰਘ ਮੱਲ੍ਹੀ, ਪ੍ਰੈੱਸ ਗਰੁੱਪ ਜ਼ੀਰਾ ਤੋਂ ਦੀਪਕ ਭਾਰਗਵ, ਗੁਰਪ੍ਰੀਤ ਸਿੰਘ ਭੁੱਲਰ, ਸ਼ਹੀਦ ਭਗਤ ਸਿੰਘ ਪ੍ਰੈੱਸ ਗਰੁੱਪ ਦੇ ਪ੍ਰਧਾਨ ਦਿਲਬਾਗ ਸਿੰਘ, ਆਂਗਣਵਾੜੀ ਵਰਕਰ ਯੂਨੀਅਨ ਦੀ ਪ੍ਰਧਾਨ ਬੇਅੰਤ ਕੌਰ, ਆਸ਼ਾ ਵਰਕਰ ਯੂਨੀਅਨ ਦੀ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਭਾਰਤੀ ਮਾਰਕਸਵਾਦੀ ਕਮਿਊਨਿਸਟ ਬਲਦੇਵ ਸਿੰਘ ਪੰਡੋਰੀ, ਸੈਂਟਰ ਆਫ ਟਰੇਡ ਯੂਨੀਅਨ ਦੀ ਪ੍ਰਧਾਨ ਧਰਮ ਸਿੰਘ ਪੱਟੀ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕੰਵਲਪ੍ਰੀਤ ਸਿੰਘ ਪੰਨੂੰ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ, ਬਾਬਾ ਨਿਰਵੈਲ ਸਿੰਘ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸਨ ਪੰਜਾਬ ਦੇ ਬਲਾਕ ਵਲਟੋਹਾ ਦੇ ਪ੍ਰਧਾਨ ਸੁਖਚੈਨ ਸਿੰਘ, ਅਜਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ, ਪੰਜਾਬ ਰੋਡਵੇਜ਼ ਪਨਬਸ ਕੰਟਰੈਕਟ ਵਰਕਰ ਯੂਨੀਅਨ ਪੱਟੀ ਡਿਪੂ ਦੇ ਆਗੂ ਗੁਰਵੇਲ ਸਿੰਘ ਵੀਰਮ, ਗੁਰਬਿੰਦਰ ਸਿੰਘ ਗਿੱਲ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਪੰਜਾਬ ਰਾਜੇਵਾਲ, ਮਾਤਾ ਖੀਵੀ ਜੀ ਭਲਾਈ ਟਰੱਸਟ ਦੇ ਸੰਚਾਲਕ ਭਾਈ ਚੰਨਪਰੀਤ ਸਿੰਘ ਚੰਦਨ ਭੱਗੂਪੁਰ, ਭਗਵਾਨ ਵਾਲਮੀਕਿ ਕੇਦਰੀ ਮੰਦਰ ਦੇ ਪ੍ਰਧਾਨ ਸ਼ਕਤੀ ਸੰਧੂ, ਸੰਵਿਧਾਨ ਬਚਾਓ ਸਾਂਝਾ ਮੋਰਚਾ ਪ੍ਰਧਾਨ ਡਾ. ਨਿਰਮਲ ਸਿੰਘ, ਰੋਗਰ ਸਮਾਜ ਦੇ ਪ੍ਰਧਾਨ ਬਲਵੰਤ ਰਾਏ, ਬਾਬਾ ਜੀਵਨ ਸਿੰਘ ਟਰੱਸਟ ਦੇ ਪ੍ਰਧਾਨ ਬਲਦੇਵ ਸਿੰਘ ਠੱਠੀਆਂ ਮਹੰਤਾਂ ਨੇ ਸੂਬਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੱਤਰਕਾਰ ਨੂੰ ਜਲਦੀ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।

ਮਾਨ ਸਰਕਾਰ ਨੂੰ ਚੋਣ ਵਾਅਦੇ ਵਿਸਰੇ : ਅੱਲੜਪਿੰਡੀ

ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜਪਿੰਡੀ ਤੇ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜਪਿੰਡੀ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕਰਦੀ ਸੀ। ਅੱਜ ਸੱਤਾ ਵਿੱਚ ਆ ਕੇ ਮਾਨ ਸਰਕਾਰ ਸਾਰੇ ਵਾਅਦੇ ਭੁੱਲ ਗਈ ਹੈ ਤੇ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਹੀ ਹਨ। ਕਿਸਾਨਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਣਕ ਦੀ ਬਿਜਾਈ ਸਿਰ 'ਤੇ ਆ ਗਈ ਹੈ ਤੇ ਸਰਕਾਰ ਨੇ ਡੀਏਪੀ ਖਾਦ ਦਾ ਪੂਰਾ ਪ੍ਰਬੰਧ ਨਹੀਂ ਕੀਤਾ। ਜ਼ਿਲ੍ਹੇ ਵਿੱਚ ਖਾਦ ਦੀ ਬਹੁਤ ਵੱਡੀ ਕਮੀ ਹੈ, ਨਾ ਹੀ ਕਿਸੇ ਡੀਲਰ ਕੋਲ ਹੈ। ਜੇ ਕਿਸੇ ਡੀਲਰ ਕੋਲ ਹੈ ਤਾਂ ਉਹ ਵੀ ਨੱਪ ਕੇ ਬੈਠਾ ਹੈ। ਜੇ ਉਹ ਕਿਸਾਨ ਨੂੰ ਖਾਦ ਦਿੰਦਾ ਹੈ ਤਾਂ ਨਾਲ ਹੋਰ ਬਲੈਕ ਵਿੱਚ ਚੀਜ਼ਾਂ ਬੰਨ੍ਹ ਰਿਹਾ ਹੈ। ਇਸ ਕਰਕੇ ਸਾਡੀ ਮਾਨ ਸਰਕਾਰ ਤੋਂ ਮੰਗ ਹੈ ਕਿ ਜਲਦੀ ਤੋਂ ਜਲਦੀ ਡੀਏਪੀ ਖਾਦ ਦਾ ਪ੍ਰਬੰਧ ਕੀਤਾ ਜਾਵੇ ਤੇ ਜਿੱਥੇ ਬਲੈਕ ਹੋ ਰਹੀ ਹੈ ਉਸਨੂੰ ਰੋਕਿਆ ਜਾਵੇ। ਨਾਲ ਹੀ ਕਿਸਾਨ ਆਗੂਆਂ ਵੱਲੋਂ ਕਿਹਾ ਗਿਆ ਕਿ ਕਣਕ ਦਾ ਬੀਜ ਵੀ ਬਲਾਕਾਂ ਵਿੱਚੋਂ ਨਹੀਂ ਮਿਲ ਰਿਹਾ ਅਤੇ ਕਿਸਾਨਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ ਰਿਹਾ ਹੈ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਜਾਂਦੀ ਹੈ ਕਿ ਕਿਸਾਨਾਂ ਨੂੰ ਖਾਦ ਅਤੇ ਕਣਕ ਬੀਜ ਦਾ ਪ੍ਰਬੰਧ ਕਰਵਾਇਆ ਜਾਵੇ।

ਪੰਜਾਬ ਦਿਵਸ 'ਤੇ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਰਿਲੀਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਵੱਲੋਂ ਪੰਜਾਬ ਦਿਵਸ ਨੂੰ ਸਮਰਪਿਤ 'ਪੰਜਾਬ: ਚੰਗੇ ਭਵਿੱਖ ਦੀ ਤਲਾਸ਼ ਕਰਦਿਆ' ਪੁਸਤਕ ਰਿਲੀਜ਼ ਕੀਤੀ ਗਈ। ਇਕ ਨਵੰਬਰ ਤੋਂ ਦੇਸ਼ ਵਿਦੇਸ਼ ਵਿਚ ਪੰਜਾਬੀ ਮਾਤ-ਭਾਸ਼ਾ ਸਪਤਾਹ ਮਨਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਸ ਮਹੀਨੇ ਨੂੰ ਪੰਜਾਬੀ-ਮਾਹ ਵਜੋਂ ਮਨਾਉਣ ਲਈ ਵੱਖ-ਵੱਖ ਸੰਸਥਾਵਾਂ ਨੂੰ ਆਦੇਸ਼ ਜਾਰੀ ਕੀਤੇ ਗਏ ਹਨ। ਇਸੇ ਸਬੰਧ 'ਚ ਕਾਲਜ ਵੱਲੋਂ ਪੰਜਾਬ ਦੇ ਵਰਤਮਾਨ ਮਸਲਿਆਂ ਨੂੰ ਮੁਖਾਤਿਬ ਹੁੰਦੀ ਪੁਸਤਕ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਪ੍ਰਕਾਸ਼ਿਤ ਕਰਵਾਈ ਗਈ ਹੈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਦੱਸਿਆ ਕਿ ਪੰਜਾਬ ਇਸ ਵੇਲੇ ਬਹੁ-ਪੱਖੀ ਖਤਰਿਆਂ ਨਾਲ ਘਿਰਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਤੇ ਚਿੰਤਨ ਕਰਨ ਅਤੇ ਪੰਜਾਬ ਨੂੰ ਇਨ੍ਹਾਂ ਸਮੱਸਿਆਵਾਂ ਵਿਚੋਂ ਕੱਢ ਕੇ ਵਿਕਾਸ ਅਤੇ ਖੁਸ਼ਹਾਲੀ ਦੇ ਰਾਹ ਪਾਉਣ ਲਈ, ਜੋ ਚੰਗੇ ਉਪਾਅ ਹੋ ਸਕਦੇ ਹਨ, ਉਨ੍ਹਾਂ ਬਾਰੇ ਵੱਖ-ਵੱਖ ਵਿਦਵਾਨਾਂ ਨੂੰ ਆਪਣੇ ਵਿਚਾਰ ਲਿਖਤੀ ਰੂਪ ਵਿਚ ਦੇਣ ਲਈ ਕਿਹਾ ਸੀ ਜਿਸ ਨੂੰ ਇਕੱਤਰ ਕਰਕੇ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਇਹ ਪੁਸਤਕ ਸੰਪਾਦਿਤ ਕਰਵਾਈ ਗਈ ਹੈ ਜਿਸ ਨੂੰ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਹੈ।

ਇਸ ਪੁਸਤਕ ਨੂੰ ਅੱਜ 'ਪੰਜਾਬ ਦਿਵਸ' 'ਤੇ ਪੰਜਾਬੀ ਜਾਗਰਣ ਦੇ ਸੰਪਾਦਕ ਅਤੇ ਪ੍ਰਮੁੱਖ ਪੰਜਾਬੀ ਚਿੰਤਕ ਵਰਿੰਦਰ ਵਾਲੀਆ ਨੇ ਰਿਲੀਜ਼ ਕੀਤਾ। ਇਸ ਪੁਸਤਕ ਵਿਚ ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ, ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ, ਪ੍ਰੋ. ਪ੍ਰੀਤਮ ਸਿੰਘ, ਡਾ. ਗਿਆਨ ਸਿੰਘ, ਡਾ. ਦਵਿੰਦਰ ਸ਼ਰਮਾ, ਡਾ. ਮਨਮੋਹਨ, ਡਾ. ਸੁਮੇਲ ਸਿੰਘ ਸਿੱਧੂ, ਡਾ. ਰਜਿੰਦਰਪਾਲ ਸਿੰਘ ਬਰਾੜ, ਭਾਈ ਹਰਿਸਿਮਰਨ ਸਿੰਘ, ਡਾ. ਪ੍ਰੇਮ ਮਾਨ ਅਤੇ ਹੋਰ ਉੱਘੇ ਵਿਦਵਾਨਾਂ ਦੇ ਪੰਜਾਬ ਦੇ ਸਮਾਜਕ, ਆਰਥਿਕ, ਸਭਿਆਚਾਰਕ, ਧਾਰਮਿਕ, ਤਕਨੀਕੀ ਅਤੇ ਭਾਸ਼ਾਈ ਪੱਖਾਂ 'ਤੇ ਵਿਚਾਰ ਚਰਚਾ ਕਰਦੇ ਲੇਖ ਸ਼ਾਮਲ ਕੀਤੇ ਗਏ ਹਨ ਜੋ ਪੰਜਾਬ ਪ੍ਰਤੀ ਹਰ ਸੁਹਿਰਦ ਪਾਠਕ ਨੂੰ ਚੰਗੇ ਲੱਗਣਗੇ ਅਤੇ ਉਨ੍ਹਾਂ ਨੂੰ ਇਕੱਠੇ ਹੋ ਕੇ ਸੁਚਾਰੂ ਹੰਭਲਾ ਮਾਰਨ ਲਈ ਹੱਲਸ਼ੇਰੀ ਦੇਣਗੇ। ਪੰਜਾਬ ਦੀਆਂ ਰਾਜਨੀਤਕ ਧਿਰਾਂ ਜੋ ਲੋਕ-ਲੁਭਾਵਣੀ ਰਾਜਨੀਤੀ ਦਾ ਸ਼ਿਕਾਰ ਹਨ, ਉਨ੍ਹਾਂ ਲਈ ਵੀ ਇਹ ਪੁਸਤਕ ਮਾਰਗ-ਦਰਸ਼ਕ ਦਾ ਕੰਮ ਕਰੇਗੀ।

ਮੋਰਬੀ 'ਚ ਵਾਪਰੇ ਦਰਦਨਾਕ ਹਾਦਸੇ ਲਈ ਸਥਾਨਕ ਸਰਕਾਰ ਜ਼ਿੰਮੇਵਾਰ : ਬਾਬਾ ਬਲਬੀਰ ਸਿੰਘ ਅਕਾਲੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਿੱਖੀ ਤੇ ਗੁਰ ਸਿਧਾਂਤ ਦੇ ਅਲੰਬਰਦਾਰ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੇ ਦੋ ਸੌ ਸਾਲਾ ਸ਼ਹੀਦੀ ਦਿਹਾੜੇ ਨੂੰ ਵੱਡੀ ਪੱਧਰ 'ਤੇ ਮਨਾਉਣ ਸਬੰਧੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਦੇ 14ਵੇਂ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਏਸੇ ਸਾਲ ਵਿੱਚ ਦੋ ਵਾਰ ਦੱਖਣ ਦੀ ਯਾਤਰਾ ਤੇ ਗਏ ਹਨ। ਨੰਦੇੜ ਦੀ ਧਰਤੀ ਤੇ ਪੁੱਜਣ 'ਤੇ ਉਨ੍ਹਾਂ ਦਾ ਨਿਹੰਗ ਸਿੰਘਾਂ ਅਤੇ ਦੱਖਣੀ ਸਿੰਘਾਂ ਦੀ ਸੰਗਤ ਨੇ ਪੁਰਜ਼ੋਰ ਸੁਆਗਤ ਕੀਤਾ ਹੈ।

ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਏਥੇ ਜਾਣਕਾਰੀ ਦੇਂਦਿਆ ਕਿਹਾ ਕਿ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ ਵਲੋਂ ਕਰਵਾਏ ਜਾ ਰਹੇ ਕੀਰਤਨ ਦਰਬਾਰ ਵਿੱਚ ਉਹ ਸ਼ਮੂਲੀਅਤ ਕਰਨ ਲਈ ਉਚੇਚੇ ਤੌਰ 'ਤੇ ਹਜ਼ੂਰ ਸਾਹਿਬ ਗਏ ਹਨ। ਉਨ੍ਹਾਂ ਹਜ਼ੂਰ ਸਾਹਿਬ ਦੇ ਲੰਗਰ ਲਈ ਦੇਸੀ ਘਿਉ ਦੇ 201 ਟੀਨ ਭੇਟ ਕੀਤੇ ਹਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵਲੋਂ ਬਾਬਾ ਫੂਲਾ ਸਿੰਘ ਸ਼ਹੀਦ ਦੀ ਸ਼ਤਾਬਦੀ 14 ਮਾਰਚ 2023 ਨੂੰ ਸਭ ਧਿਰਾਂ ਨਾਲ ਮਿਲ ਕੇ ਚੜ੍ਹਦੀ ਕਲਾ ਨਾਲ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਸਿੱਖਾਂ ਦਾ ਬਹੁਤ ਮਹੱਤਵਪੂਰਨ ਤੇ ਮੁਖ ਅਸਥਾਨ ਹੈ ਹਰ ਸਿੱਖ ਭਵਨਾਤਮਿਕ ਤੇ ਧਾਰਮਿਕ ਪੱਖ ਤੋਂ ਇਸ ਅਸਥਾਨ ਨਾਲ ਜੁੜਿਆ ਹੋਇਆ ਹੈ। ਹਰ ਸਿੱਖ ਦੀ ਤਮੰਨਾ ਹੁੰਦੀ ਹੈ ਕਿ ਉਹ ਇਸ ਅਸਥਾਨ ਦੇ ਦਰਸ਼ਨ ਕਰਕੇ ਆਪਣੇ ਭਾਗਾਂ ਵਿੱਚ ਬਰਕਤ ਪਾਵੇ। ਉਨ੍ਹਾਂ ਕਿਹਾ ਕਿ ਬਾਬਾ ਬਲਬੀਰ ਸਿੰਘ ਨੇ ਗੁਜਰਾਤ ਪ੍ਰਾਂਤ ਦੇ ਮੋਰਬੀ ਸ਼ਹਿਰ ਵਿੱਚ ਮੱਛੂ ਨਦੀ ਤੇ ਵਾਪਰੇ ਦਰਦਨਾਕ ਹਾਦਸੇ 'ਤੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੈਂਕੜੇ ਜਾਨਾਂ ਭੰਗ ਦੇ ਭਾੜੇ ਚਲੀਆਂ ਗਈਆਂ ਹਨ। ਉਥੋਂ ਦੇ ਸਥਾਨਕ ਪ੍ਰਸ਼ਾਸਨ ਦੀ ਲਾਪ੍ਰਵਾਹੀ ਦਾ ਹੀ ਇਹ ਮੰਜ਼ਰ ਹੈ। ਬਾਬਾ ਬਲਬੀਰ ਸਿੰਘ ਅਕਾਲੀ ਨੇ ਕਿਹਾ ਦੋ ਦਹਾਕੇ ਪਹਿਲਾਂ ਕੇਰਲਾ ਦੀ ਕਾਦਾਲੰਡੀ ਨਦੀ ਦਾ ਪੁਲ ਟੱਟਣ ਨਾਲ 57 ਲੋਕ ਮਾਰੇ ਗਏ ਸੀ। ਬਿਹਾਰ ਵਿੱਚ ਰਫੀਗੰਜ ਰੇਲ ਪੁਲ ਟੁੱਟਣ ਨਾਲ 2002 ਵਿੱਚ 130 ਲੋਕ ਮਰੇ ਸਨ। 2005 ਵਿੱਚ ਆਂਧਰਾ ਪ੍ਰਦੇਸ਼ ਵਿੱਚ ਏਸੇ ਤਰ੍ਹਾਂ ਪੁਲ ਟੁੱਟਣ ਕਾਰਨ 114 ਲੋਕ ਮਰ ਗਏ ਸਨ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਦੀ ਲਾਪ੍ਰਵਾਹੀ ਕਾਰਨ ਕਿੰਨਾ ਕੁ ਚਿਰ ਲੋਕ ਇਸ ਤਰ੍ਹਾਂ ਮੌਤ ਦਾ ਮੰਜ਼ਰ ਦੇਖਦੇ ਰਹਿਣਗੇ। ਸਰਕਾਰਾਂ ਵਿਕਾਸ

3-Nov-PAGE-3.qxd 11/2/2022 10:37 PM Page 1

ਮਜ਼ਦੂਰ ਮੋਰਚੇ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਕੁੰਡਾ ਖੜਕਾਉਣ ਦਾ ਐਲਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 30 ਨਵੰਬਰ ਨੂੰ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਦਾ ਕੁੰਡਾ ਖੜਕਾਇਆ ਜਾਵੇਗਾ। ਇਹ ਫੈਸਲਾ ਏਥੇ ਪੇਂਡੂ ਤੇ ਖੇਤ ਮਜਦੂਰ ਜੱਥੇਬੰਦੀਆਂ ਦੇ ਬਣੇ ਮੋਰਚੇ ਦੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਆਪ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੇਂਡੂ ਤੇ ਖੇਤ ਮਜਦੂਰਾਂ ਦੀਆਂ ਮੰਗਾਂ ਦਾ ਤਸੱਲੀਬਖਸ਼ ਨਿਪਟਾਰਾ ਨਾ ਕਰਨ, ਮੀਟਿੰਗ ਦੇਕੇ ਮੁੱਕਰਨ, ਡੈਪੂਟੇਸ਼ਨ 'ਤੇ ਸੱਦੇ ਸਾਥੀਆਂ ਨੂੰ ਪਿੱਠ ਦਿਖਾਕੇ ਭੱਜ ਜਾਣ ਦੀਆਂ ਕਾਰਵਾਈਆਂ ਨੇ ਮਜ਼ਦੂਰਾਂ ਅੰਦਰ ਤਿੱਖਾ ਰੋਸ ਤੇ ਰੋਹ ਪੈਦਾ ਕਰ ਦਿੱਤਾ ਹੈ। ਮੀਟਿੰਗ ਵਿੱਚ ਦਿਹਾਤੀ ਮਜਦੂਰ ਸਭਾ ਦੇ ਜਨਰਲ ਸਕੱਤਰ ਗੁਰਨਾਮ ਦਾਉਦ, ਮਜਦੂਰ ਮੁਕਤੀ ਮੋਰਚਾ ਪੰਜਾਬ ਦੇ ਮੱਖਣ ਸਿੰਘ ਰਾਮਗੜ , ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਪ੍ਰਗਟ ਸਿੰਘ ਕਾਲਾਝਾੜ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਗੁਲਜਾਰ ਗੌਰੀਆ, ਕੁੱਲ ਹਿੰਦ ਖੇਤ

ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਆਗੂ ਮਹਿੰਦਰ ਰਾਮ ਫੁਗਲਾਣਾ ਤੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਤੋਂ ਇਲਾਵਾ ਦੇਵੀ ਕੁਮਾਰੀ, ਹਰਮੇਸ਼ ਮਾਲੜੀ ਅਤੇ ਦਰਸ਼ਨ ਨਾਹਰ ਆਦਿ ਆਗੂ ਸ਼ਾਮਲ ਹੋਏ। ਉਲੀਕੇ ਪ੍ਰੋਗਰਾਮ ਦੀ ਵਾਜਵੀਅਤ ਦੱਸਦੇ ਹੋਏ ਉਹਨਾਂ ਕਿਹਾ ਕਿ 12 ਤੋਂ 14 ਸਤੰਬਰ ਨੂੰ ਮਜਦੂਰਾਂ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਮਜਦੂਰਾਂ ਦੇ ਰੁਜਗਾਰ ਦਾ ਪੱਕਾ ਪ੍ਰਬੰਧ ਕਰਨ, ਦਿਹਾੜੀ 700 ਰੁਪਏ ਦੇਣ, ਪੰਚਾਇਤੀ ਜਮੀਨਾਂ ਦੇ ਤੀਜੇ ਹਿੱਸੇ ਦੀ ਜਮੀਨ ਦੀ ਡੰਮੀ ਬੋਲੀ ਰੋਕਣ ਦਾ ਪੱਕਾ ਪ੍ਰਬੰਧ ਕਰਕੇ ਮਜਦੂਰਾਂ ਨੂੰ ਦੇਣਾ ਯਕੀਨੀ ਬਣਾਉਣ , ਮਜਦੂਰਾਂ ਤੇ ਗਰੀਬ ਕਿਸਾਨਾਂ ਸਿਰ ਚੜੇ ਮਾਈਕਰੋ ਫਾਈਨਾਸ ਕੰਪਨੀਆਂ ਦੇ ਸਾਰੇ ਕਰਜੇ ਮਾਫ ਕਰਨ, ਬੁਢਾਪਾ, ਵਿਧਵਾ, ਅੰਗਹੀਣ ਪੈਨਸਨ 5000 ਹਜਾਰ ਦੇਣ ਤੇ ਉਮਰ ਦੀ ਹੱਦ ਘੱਟ ਕਰਨ, ਮਜਦੂਰਾਂ ਨੂੰ ਨਰਮੇ ਦਾ ਮੁਆਵਜਾ ਦੇਣ ਤੇ ਸੰਘਰਸ਼ਾਂ ਦੌਰਾਨ ਮਜਦੂਰਾਂ ਕਿਸਾਨਾਂ 'ਤੇ ਪਏ ਕੇਸ ਰੱਦ ਕਰਨ ਆਦਿ ਮੰਗਾਂ ਸੰਬੰਧੀ ਵਿਸ਼ਾਲ ਮੋਰਚਾ ਲਾਇਆ ਗਿਆ ਸੀ। ਇਸ ਮੋਰਚੇ ਦੌਰਾਨ ਵਿੱਤ ਮੰਤਰੀ ਤੇ ਮੁੱਖ ਮੰਤਰੀ ਨਾਲ ਮੀਟਿੰਗਾਂ ਤਹਿ ਹੋਈਆਂ ਸਨ। ਜਿਨਾਂ ਵਿੱਚੋਂ ਸਿਰਫ ਵਿੱਤ ਮੰਤਰੀ ਨਾਲ ਮੀਟਿੰਗ ਹੋਈ,ਜਿਸ ਵਿੱਚ ਵੀ ਮੰਨੀਆਂ ਮੰਗਾਂ 'ਤੇ ਅਮਲ ਨਹੀਂ ਹੋਇਆ ਪਰ ਮੁੱਖ ਮੰਤਰੀ ਮੀਟਿੰਗ ਕਰਨ ਤੋਂ ਸਿਰਫ ਭੱਜਿਆ ਹੀ ਨਹੀਂ ਸਗੋਂ ਪਿੰਡਾਂ ਵਿੱਚ ਮਿਲਣ ਗਏ ਜੱਥੇਬੰਦੀਆਂ ਦੇ ਡੈਪੂਟੇਸ਼ਨ ਨੂੰ ਜਾਣ ਬੁੱਝਕੇ ਮਿਲਣ ਤੋਂ ਕਿਨਾਰਾ ਕਰ ਰਿਹਾ ਹੈ। ਉਨ੍ਹਾਂ ਸਰਕਾਰ 'ਤੇ ਦੋਸ਼ ਲਾਉਦਿਆਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਦਾ ਕਿਰਦਾਰ ਤੇ ਵਿਹਾਰ ਪਹਿਲਾਂ ਬਣੀਆਂ ਕਾਂਗਰਸ ਤੇ ਅਕਾਲੀ ਸਰਕਾਰਾਂ ਵਰਗਾ ਹੀ ਮਜਦੂਰ ਵਿਰੋਧੀ ਸਾਹਮਣੇ ਆ ਰਿਹਾ ਹੈ। ਉਨਾਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਕਰਕੇ ਮਜਦੂਰ ਮੰਗਾਂ ਦਾ ਤਸੱਲੀਬਖਸ ਨਿਪਟਾਰਾ ਨਾ ਕੀਤਾ ਤਾਂ ਮਜਦੂਰ ਕੋਠੀ ਦਾ ਕੁੰਡਾ ਖੜਕਾਉਣ ਲਈ ਮਜਬੂਰ ਹੋਣਗੇ। ਉਨ੍ਹਾਂ ਮਜਦੂਰਾਂ ਨੂੰ 30 ਨਵੰਬਰ ਨੂੰ ਪਰਵਾਰਾਂ ਸਮੇਤ ਸੰਗਰੂਰ ਪਹੁੰਚਣ ਦੀ ਅਪੀਲ ਕੀਤੀ ਹੈ।

ਐੱਸ ਡੀ ਕਾਲਜ ਵਿਖੇ ਮਨਾਇਆ ਰਾਸ਼ਟਰੀ ਏਕਤਾ ਦਿਵਸ

ਜਲੰਧਰ (ਇਕਬਾਲ ਸਿੰਘ ਉੱਭੀ)

ਪ੍ਰੇਮ ਚੰਦ ਮਾਰਕੰਡਾ ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਐਨ ਸੀ ਸੀ ਵਿੰਗ ਨੇ ਸਰਦਾਰ ਵੱਲਭ ਭਾਈ ਪਟੇਲ ਦੀ 147ਵੀਂ ਜਯੰਤੀ ਦੇ ਮੌਕੇ 'ਤੇ ਐਨ ਐਸ ਐਸ ਦੇ ਸਹਿਯੋਗ ਨਾਲ ਰਾਸ਼ਟਰੀ ਏਕਤਾ ਦਿਵਸ ਮਨਾਇਆ। ਇਸ ਦੌਰਾਨ ਐਨ ਸੀ ਸੀ ਕੈਡਿਟਾਂ ਨੇ ਸੁੰਦਰ ਰੰਗੋਲੀ ਬਣਾਈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜਬੂਤ ਕਰਨ ਦਾ ਸੰਦੇਸ਼ ਦਿੱਤਾ। ਕੈਡਿਟਾਂ ਨੇ ਸਾਡੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਦਭਾਵਨਾ ਨੂੰ ਬਰਕਰਾਰ ਰੱਖਣ ਦੀ ਵਚਨਬੱਧਤਾ ਨੂੰ ਦੁਹਰਾਉਣ ਲਈ ਮਨੁੱਖੀ ਚੇਨ ਵੀ ਬਣਾਈ। ਕੈਡਿਟਾਂ ਨੇ "ਰਨ ਫਾਰ ਯੂਨਿਟੀ" ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਕਾਲਜ ਕੈਂਪਸ ਦੇ ਨੇੜੇ 1.5 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਰਨ ਫਾਰ ਯੂਨਿਟੀ ਪ੍ਰੋਗਰਾਮ ਦੀ ਸ਼ੁਰੂਆਤ ਐਸੋਸੀਏਟ ਐਨ.ਸੀ.ਸੀ ਅਫਸਰ ਕੈਪਟਨ ਪ੍ਰਿਆ ਮਹਾਜਨ ਅਤੇ ਐਨ.ਐਸ.ਐਸ ਇੰਚਾਰਜ ਸ੍ਰੀਮਤੀ ਮਨਮੀਤ ਦੀ ਯੋਗ ਅਗਵਾਈ ਹੇਠ ਕਾਲਜ ਗੇਟ ਤੋਂ ਕੀਤੀ ਗਈ। ਇਸ ਦੌੜ ਦਾ ਉਦੇਸ਼ ਏਕਤਾ, ਦੇਸ਼ ਭਗਤੀ, ਰਾਸਟਰੀ ਸਵੈਮਾਣ ਅਤੇ ਆਪਸੀ ਸਾਂਝ ਦੀ ਭਾਵਨਾ ਪੈਦਾ ਕਰਨਾ ਸੀ। ਇਸ ਉਪਰੰਤ ਸਵੇਰ ਦੀ ਸਭਾ ਵਿੱਚ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸਰ, ਸਟਾਫ ਮੈਂਬਰਾਂ, ਐਨ.ਸੀ.ਸੀ. ਕੈਡਿਟਾਂ ਅਤੇ ਕਾਲਜ ਦੇ ਵਿਦਿਆਰਥੀਆਂ ਨਾਲ ਸਹੁੰ ਚੁੱਕ ਸਮਾਗਮ ਕੀਤਾ ਗਿਆ। ਵਿਦਿਆਰਥੀਆਂ ਨੇ ਸਟਾਫ ਮੈਂਬਰਾਂ ਨਾਲ ਮਿਲ ਕੇ ਦੇਸ ਦੀ ਏਕਤਾ ਦਾ ਪ੍ਰਣ ਲਿਆ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਨੇ ਇਸ ਸਫਲ ਸਮਾਗਮ ਦੇ ਆਯੋਜਨ ਲਈ ਅਤੇ ਐਨ.ਸੀ.ਸੀ ਟੀਮ ਅਤੇ ਵਿੰਗ ਦੇ ਇੰਚਾਰਜ ਕੈਪਟਨ ਪ੍ਰਿਆ ਮਹਾਜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਐੱਨ ਸੀ ਸੀ ਤੇ ਐੱਨ ਐੱਸ ਐੱਸ ਯੂਨਿਟ ਨੇ ਰਾਸ਼ਟਰੀ ਏਕਤਾ ਦਿਵਸ ਮਨਾਇਆ

ਮਾਹਿਲਪੁਰ, (ਸਫਰੀ)

ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਐਨ ਸੀ ਸੀ ਯੂਨਿਟ ਵੱਲੋਂ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਐਨ ਸੀ ਸੀ ਅਤੇ ਐਨ ਐਸ ਐਸ ਕੈਡਿਟਾਂ ਤੋਂ ਇਲਾਵਾ ਦੋਆਬਾ ਪਬਲਿਕ ਸਕੂਲ ਦੋਹਲਰੋਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਅਤੇ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਕਾਲਜ ਮਾਹਿਲਪੁਰ ਦੇ ਕੈਡਿਟਾਂ ਨੇ ਹਿੱਸਾ ਲਿਆ। ਇਸ ਮੌਕੇ ਐਨ ਸੀਸੀ ਦੇ ਸੀ ਟੀ ਓ ਡਾ. ਦੀਪਕ ਨੇ ਰਾਸ਼ਟਰੀ ਏਕਤਾ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਰਾਸ਼ਟਰੀ ਏਕਤਾ ਦਿਵਸ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਦਿਨ ਵਜੋਂ ਯਾਦ ਕੀਤਾ ਜਾਂਦਾ ਹੈ ਜਿਹੜਾ ਕਿ ਸੁਤੰਤਰਤਾ ਸੈਨਾਨੀ ਸਰਦਾਰ ਵੱਲਭ ਭਾਈ ਪਟੇਲ ਦੇ ਜਯੰਤੀ ਦੇ ਰੂਪ ਵਿੱਚ ਮਨਾਉਣਾ ਸ਼ੁਰੂ ਹੋਇਆ ਸੀ। ਇਸ ਮੌਕੇ ਐਨ ਸੀ ਸੀ ਕੈਡਿਟ ਵੱਲੋਂ ਯੂਨਿਟੀ ਰੇਸ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਮੌਕੇ ਏ ਐਨ ਓ ਬਲਵਿੰਦਰ ਸਿੰਘ, ਐਨ ਐਸ ਐਸ ਯੂਨਿਟ ਦੇ ਇੰਚਾਰਜ ਪ੍ਰੋ. ਰਜਿੰਦਰ ਪ੍ਰਸਾਦ, ਪ੍ਰੋ. ਬਲਵੀਰ ਕੌਰ ਸਮੇਤ ਡਾ. ਰਾਜ ਕੁਮਾਰ, ਮੈਡਮ ਰਜਨੀ ਆਦਿ ਵੀ ਹਾਜ਼ਰ ਸਨ।

ਪੁਲਸ ਅਧਿਕਾਰੀ ਦੀ ਹੈਂਕੜਬਾਜ਼ੀ ਖਿਲਾਫ ਪੱਤਰਕਾਰ ਭਾਈਚਾਰਾ ਐੱਸ ਪੀ ਨੂੰ ਮਿਲਿਆ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਸਬ-ਡਵੀਜ਼ਨ ਪੱਟੀ ਅਧੀਨ ਪੈਂਦੇ ਕਸਬਾ ਹਰੀਕੇ ਵਿਖੇ ਦੋਹਰੇ ਕਤਲ ਨੂੰ 12 ਦਿਨ ਦਾ ਸਮਾਂ ਹੋ ਚਲਿਆ। ਕਤਲ ਨੂੰ ਹੱਲ ਕਰਨ ਲਈ ਪੁਲਸ ਵੱਲੋਂ ਹਰੇਕ ਜ਼ਿੰਮੇਵਾਰ ਨਾਗਰਿਕ ਪਾਸੋਂ ਪੀੜਤਾਂ ਦੇ ਇਨਸਾਫ ਲਈ ਸਹਿਯੋਗ ਮੰਗਿਆ ਗਿਆ। ਜਦੋਂ ਪੁਲਸ ਨਤੀਜੇ 'ਤੇ ਪੁੱਜੀ ਤਾਂ ਸੀਆਈਏ ਸਟਾਫ ਪੱਟੀ ਦੇ ਇੰਚਾਰਜ ਬਿੰਦਰਜੀਤ ਸਿੰਘ ਨੇ ਕ੍ਰੈਡਿਟ ਲੈਣ ਲਈ ਆਪਣੇ ਸੀਨੀਅਰ ਅਧਿਕਾਰੀਆਂ ਦੇ ਨਾਲ-ਨਾਲ ਪੱਤਰਕਾਰਾਂ ਨੂੰ ਬੇਇੱਜ਼ਤ ਕਰਨ ਦਾ ਕੰਮ ਸ਼ੁਰੂ ਕਰ ਲਿਆ। ਸਾਰਾ ਮਾਮਲਾ ਇਹ ਹੈ ਕਿ ਥਾਣਾ ਹਰੀਕੇ ਦੀ ਪੁਲਸ ਵੱਲੋਂ ਸੀਨੀਅਰ ਪੱਤਰਕਾਰ ਕਿਰਪਾਲ ਸਿੰਘ ਰੰਧਾਵਾ ਨੂੰ ਕਤਲ ਕੇਸ ਸੁਲਝਾਉਣ ਦੀ ਜਾਣਕਾਰੀ ਦੇਣ ਲਈ ਪਹਿਲਾਂ ਥਾਣੇ ਸੱਦਿਆ ਜਾਂਦਾ। ਪੁਲਸ ਦੇ ਸੱਦੇ 'ਤੇ ਥਾਣੇ ਗਏ ਪੱਤਰਕਾਰ ਦੀ ਬੇਇੱਜ਼ਤੀ ਕਰਕੇ ਜ਼ਲੀਲ ਕੀਤਾ ਜਾਂਦਾ। ਬੇਦਾਗ ਪੱਤਰਕਾਰ ਵੱਲੋਂ ਜਦੋਂ ਸਾਥੀ ਪੱਤਰਕਾਰਾਂ ਤੇ ਕੁਝ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਨਾਲ ਲੈ ਕੇ ਥਾਣੇ ਡੀਐੱਸਪੀ ਸਤਨਾਮ ਸਿੰਘ ਤੇ ਥਾਣਾ ਮੁਖੀ ਹਰਜੀਤ ਸਿੰਘ ਦੀ ਹਾਜ਼ਰੀ ਵਿੱਚ ਜਦੋਂ ਬੇਇੱਜ਼ਤ ਕਰਨ ਬਾਰੇ ਜਦੋਂ ਬਿੰਦਰਜੀਤ ਸਿੰਘ ਪੁੱਛਿਆ ਗਿਆ ਤਾਂ ਉਨ੍ਹਾਂ ਅੱਗੋਂ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੀਆਂ ਪ੍ਰਾਪਤੀਆਂ ਦੀ ਗਿਣਤੀ ਕਰਵਾਉਣੀ ਸ਼ੁਰੂ ਕਰ ਦਿੱਤੀ। ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ ਵਿਚ ਬਿੰਦਰਜੀਤ

ਸਿੰਘ ਨੇ ਪੱਤਰਕਾਰਾਂ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਮੈਨੂੰ ਮੇਰੀ ਤਾਕਤ ਦਾ ਪਤਾ ਤੁਸੀਂ ਆਪਣੀ ਤਾਕਤ ਦਿਖਾਓ। ਇੰਸਪੈਕਟਰ ਦੇ ਧਮਕੀਆਂ ਭਰੇ ਰਵੱਈਏ ਤੋਂ ਬਾਅਦ ਕਿਸਾਨ ਜਥੇਬੰਦੀਆਂ ਤੇ ਪੱਤਰਕਾਰਾਂ ਵੱਲੋਂ ਥਾਣੇ ਦੇ ਬਾਹਰ ਧਰਨਾ ਲਗਾ ਦਿੱਤਾ ਗਿਆ। ਕਿਸੇ ਕੀਮਤ 'ਤੇ ਇਨਸਾਫ ਨਾ ਮਿਲਦਾ ਵੇਖ ਕੇ ਅੰਮ੍ਰਿਤਸਰ ਬਠਿੰਡਾ ਨੈਸ਼ਨਲ ਹਾਈਵੇ ਨੂੰ ਜਾਮ ਕਰ ਦਿੱਤਾ ਗਿਆ। ਰਾਹਗੀਰਾਂ ਨੂੰ ਆਉਦੀਆਂ ਪ੍ਰੇਸ਼ਾਨੀਆਂ ਨੂੰ ਵੇਖਦੇ ਹੋਏ ਆਪਣੀ ਮਨਮਰਜ਼ੀ ਨਾਲ ਧਰਨਾ ਅਗਲੀ ਰਣਨੀਤੀ ਤੱਕ ਮੁਲਤਵੀ ਕਰ ਦਿੱਤਾ। ਅੱਜ ਜ਼ਿਲੇ ਸਮੇਤ ਵੱਖ-ਵੱਖ ਸਟੇਸ਼ਨਾਂ ਦੇ ਪ੍ਰਧਾਨਾਂ ਤੇ ਸੀਨੀਅਰ ਪੱਤਰਕਾਰਾਂ ਦਾ ਇੱਕ ਵਫਦ ਇਨਸਾਫ ਲਈ ਜ਼ਿਲ੍ਹੇ ਦੇ ਐੱਸਪੀ ਇਨਵੈਸਟੀਗੇਸ਼ਨ ਵਿਸ਼ਾਲਜੀਤ ਸਿੰਘ ਨੂੰ ਮਿਲਿਆ ਤੇ ਵਾਪਰੇ ਸਾਰੇ ਘਟਨਾਕ੍ਰਮ ਤੋਂ ਜਾਣੂ ਕਰਵਾਇਆ ਗਿਆ ਪਰ ਸਰਕਾਰ ਤੇ ਪੁਲਸ ਪ੍ਰਸ਼ਾਸਨ ਤੇ ਖਾਸ ਕਰਕੇ ਸੀਆਈਡੀ ਵਿਭਾਗ ਦੀ ਇੰਨੀ ਵੱਡੀ ਨਾਲਾਇਕੀ ਸਾਹਮਣੇ ਆਈ ਕਿ ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਰੀਕੇ ਵਿਖੇ ਵਾਪਰੇ ਘਟਨਾਕ੍ਰਮ ਤੇ ਨੈਸ਼ਨਲ ਹਾਈਵੇ 54 ਦੇ ਜਾਮ ਸਬੰਧੀ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ। ਬੜੀ ਹਾਸੋਹੀਣੀ ਗੱਲ ਆ ਕਿ ਹਰੀਕੇ ਤੋਂ ਮਹਿਜ਼ 30-32 ਕਿਲੋਮੀਟਰ ਦੀ ਦੂਰੀ ਤੇ ਐੱਸਐੱਸਪੀ ਤੇ ਡੀਸੀ ਦਫਤਰ ਨੂੰ ਨੈਸ਼ਨਲ ਹਾਈਵੇ ਜਾਮ ਦੀ ਜਾਣਕਾਰੀ ਨਾ ਹੋਣਾ ਪੁਲਸ ਦੇ ਖੁਫੀਆ ਵਿਭਾਗ 'ਤੇ ਵੀ ਵੱਡੇ ਸਵਾਲ ਖੜੇ ਕਰਦੀ ਹੈ। ਇਸ ਮੌਕੇ ਜ਼ਿਲਾ ਪ੍ਰਧਾਨ ਜਸਮੇਲ ਸਿੰਘ ਚੀਦਾ, ਗੁਰਬਖਸ਼ਪੁਰੀ, ਜਸਪਾਲ ਸਿੰਘ ਜੱਸੀ, ਜਤਿੰਦਰ ਸਿੰਘ ਬਾਵਾ, ਅਵਤਾਰ ਸਿੰਘ ਖਹਿਰਾ, ਕਿਰਪਾਲ ਸਿੰਘ ਰੰਧਾਵਾ, ਬੇਅੰਤ ਸਿੰਘ ਸੰਧੂ, ਅਵਤਾਰ ਸਿੰਘ ਢਿੱਲੋਂ, ਬਲਦੇਵ ਸਿੰਘ ਸੰਧੂ, ਦਿਲਬਾਗ ਸਿੰਘ, ਸ਼ੇਰੂ ਮਹਾਜਨ, ਲਵਦੀਪ ਦੇਵਗਨ, ਮਨਜੀਤ ਸਿੰਘ ਸੰਧੂ ਭਗਤ ਸਿੰਘ ਸੰਧੂ, ਕੁਲਦੀਪ ਸਿੰਘ ਗਿੱਲ ਅਤੇ ਮਿੰਟੂ ਸਿੱਧੂ ਆਦਿ ਹਾਜ਼ਰ ਸਨ।

ਸੀ ਐੱਚ ਸੀ ਮੀਆਂਵਿੰਡ ਵਿਖੇ ਤੰਬਾਕੂ ਵਿਰੋਧੀ ਦਿਵਸ ਮਨਾਇਆ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਸਿਵਲ ਸਰਜਨ ਤਰਨ ਤਾਰਨ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਤੇ ਡਾਕਟਰ ਸੁਖਬੀਰ ਕੌਰ ਜ਼ਿਲਾ ਸਿਹਤ ਅਫਸਰ ਅਤੇ ਡਾਕਟਰ ਲਖਿੰਬਰ ਰਾਮ ਐੱਸਐੱਮਓ ਮੀਆਂਵਿੰਡ ਦੀ ਯੋਗ ਅਗਵਾਈ ਹੇਠ ਅੱਜ ਸੀਐੱਚਸੀ ਮੀਆਂਵਿੰਡ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਡਾਕਟਰ ਲਖਿੰਬਰ ਰਾਮ ਐੱਸਐੱਮਓ ਮੀਆਂਵਿੰਡ ਨੇ ਦੱਸਿਆ ਕਿ ਤੰਬਾਕੂ ਦੇ ਸੇਵਨ ਨਾਲ ਮੂੰਹ ਤੇ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ ਮਾਂ ਦੇ ਗਰਭ ਵਿੱਚ ਪਲ ਰਹੇ ਬੱਚੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਰੁਕ ਜਾਂਦਾ ਹੈ। ਤੰਬਾਕੂ ਦਾ ਸੇਵਨ ਕਰਨ ਵਾਲੇ ਆਪ ਤਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਆਪਣੇ ਨਾਲ ਰਹਿਣ ਵਾਲਿਆਂ ਦੀ ਸਿਹਤ ਤੇ ਧੂੰਏਂ ਨਾਲ ਬੁਰਾ ਪ੍ਰਭਾਵ ਪਾਉਂਦੇ ਹਨ। ਇਸ ਮੌਕੇ ਤੇਜਿੰਦਰ ਸਿੰਘ ਰਿਆੜ ਬੀਈਈ, ਹਰਜੀਤ ਸਿੰਘ ਐੱਸਆਈ, ਜਤਿੰਦਰ ਸਿੰਘ ਹਵ, ਗੁਰਵਿੰਦਰ ਸਿੰਘ ਜੌੜਾ, ਸੰਦੀਪ ਕੌਰ ਸੀਐੱਚਓ, ਅਮਨਪ੍ਰੀਤ ਕੌਰ ਏਐੱਨਐੱਮ, ਕੁਲਵੰਤ ਕੌਰ ਆਸ਼ਾ ਵਰਕਰ, ਗੁਰਮੀਤ ਕੌਰ ਆਸ਼ਾ ਵਰਕਰ ਹਾਜ਼ਰ ਸਨ।

ਸੇਵਾਮੁਕਤੀ 'ਤੇ ਬਲਜੀਤ ਸਿੰਘ ਦਾ ਕੀਤਾ ਸਨਮਾਨ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)

ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾਮੁਕਤ ਹੋਏ ਕਾਮਰੇਡ ਬਲਜੀਤ ਸਿੰਘ ਫਤਿਆਬਾਦ ਨੂੰ ਸੇਵਾਮੁਕਤੀ ਮੌਕੇ ਜਲ ਸਪਲਾਈ ਕੰਟਰੈਕਟ ਵਰਕਰ

ਯੂਨੀਅਨ ਰਜਿ. 31 ਵੱਲੋਂ ਸ

ਨਵਾਂ ਜ਼ਮਾਨਾ
ਵੀਰਵਾਰ, 3 ਨਵੰਬਰ 2022

ਖੱਬੇ-ਪੱਖੀਆਂ ਦੇ ਵਧਦੇ ਕਦਮ

ਇਸ ਸਮੇਂ ਸੰਸਾਰ ਪੱਧਰ 'ਤੇ ਫਾਸ਼ੀਵਾਦ ਵਿਰੁੱਧ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਜੰਗ ਚੱਲ ਰਹੀ ਹੈ। ਨਵ-ਉਦਾਰਵਾਦ ਦੇ ਨਾਂਅ 'ਤੇ ਪੂੰਜੀਵਾਦ ਦੀ ਲੁੱਟ ਏਨੀ ਤੇਜ਼ ਹੋ ਚੁੱਕੀ ਹੈ ਕਿ ਇਸ ਨੇ ਆਮ ਜਨਮਾਨਸ ਦੀ ਜ਼ਿੰਦਗੀ ਦੁੱਭਰ ਕਰਕੇ ਰੱਖ ਦਿੱਤੀ ਹੈ। ਇਸ ਲੁੱਟ ਵਿਰੁੱਧ ਤਿੱਖੇ ਹੋ ਰਹੇ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਪੂੰਜੀਵਾਦ ਨੇ ਵੱਖ-ਵੱਖ ਦੇਸ਼ਾਂ ਵਿੱਚ ਅਜਿਹੇ ਆਗੂ ਅੱਗੇ ਲਿਆਂਦੇ, ਜਿਹੜੇ ਫਾਸ਼ੀਵਾਦ ਦੇ ਪੈਰੋਕਾਰ ਸਨ। ਕੁਝ ਸਮੇਂ ਲਈ ਭਾਵੇਂ ਇਹ ਆਗੂ ਚੰਮ ਦੀਆਂ ਚਲਾਉਂਦੇ ਰਹੇ, ਪਰ ਖੱਬੀਆਂ ਤੇ ਜਮਹੂਰੀ ਪਾਰਟੀਆਂ ਦੀ ਏਕਤਾ ਤੇ ਸੰਘਰਸ਼ ਨੇ ਇਨ੍ਹਾਂ ਦੇ ਪੈਰ ਨਾ ਲੱਗਣ ਦਿੱਤੇ।

ਇਸ ਮੌਕੇ ਲਾਤੀਨੀ ਅਮਰੀਕਾ ਦੇ ਦੇਸ਼ ਫਾਸ਼ੀਵਾਦ ਵਿਰੁੱਧ ਲੜਾਈ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਸੰਨ 2018 ਵਿੱਚ ਮੈਕਸੀਕੋ ਦੀਆਂ ਚੋਣਾਂ ਵਿੱਚ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਜਿੱਤ ਨੇ ਇਸ ਖਿੱਤੇ ਦੇ ਇੱਕ ਤੋਂ ਬਾਅਦ ਦੂਜੇ ਦੇਸ਼ ਵਿੱਚ ਫਾਸ਼ੀਵਾਦੀ ਤੇ ਸੱਜੇ-ਪੱਖੀ ਪਾਰਟੀਆਂ ਨੂੰ ਹਰਾ ਕੇ ਇਤਿਹਾਸ ਸਿਰਜਿਆ। ਸੰਨ 2019 ਵਿੱਚ ਅਰਜਨਟਾਈਨਾ, 2020 ਵਿੱਚ ਬੋਲੀਵੀਆ, 2021 ਵਿੱਚ ਪੀਰੂ, ਹੌਂਡੂਰਸ ਤੇ ਚਿੱਲੀ ਅਤੇ 2022 ਵਿੱਚ ਕੋਲੰਬੀਆ ਵਿੱਚ ਖੱਬੇ-ਪੱਖੀ ਤੇ ਜਮਹੂਰੀ ਪਾਰਟੀਆਂ ਸੱਤਾ ਪ੍ਰਾਪਤ ਕਰਨ ਵਿੱਚ ਸਫ਼ਲ ਰਹੀਆਂ ਸਨ।

ਹੁਣ ਬ੍ਰਾਜ਼ੀਲ ਵਿੱਚ ਵਰਕਰਜ਼ ਪਾਰਟੀ ਦੇ ਆਗੂ ਲੂਲਾ ਦਾ ਸਿਲਵਾ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਖੱਬੇ-ਪੱਖੀ ਤੇ ਜਮਹੂਰੀ ਪਾਰਟੀਆਂ ਦਾ ਇਸ ਖਿੱਤੇ ਦੇ 8 ਦੇਸ਼ਾਂ ਉਤੇ ਕਬਜ਼ਾ ਹੋ ਚੁੱਕਾ ਹੈ। ਲੂਲਾ 2002 ਤੇ 2006 ਦੀਆਂ ਚੋਣਾਂ ਵਿੱਚ ਵੀ ਰਾਸ਼ਟਰਪਤੀ ਚੁਣੇ ਗਏ ਸਨ। ਅਗਲੀਆਂ ਦੋ ਚੋਣਾਂ ਵਿੱਚ ਵੀ ਵਰਕਰਜ਼ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ ਸੀ, ਪਰ 2018 ਦੀਆਂ ਚੋਣਾਂ ਤੋਂ ਪਹਿਲਾਂ ਇੱਕ ਹੇਠਲੀ ਅਦਾਲਤ ਨੇ ਲੂਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਸਾਢੇ 9 ਸਾਲ ਦੀ ਸਜ਼ਾ ਸੁਣਾ ਦਿੱਤੀ ਸੀ, ਜਿਸ ਕਾਰਨ ਉਹ ਚੋਣ ਨਾ ਲੜ ਸਕੇ ਤੇ ਸੱਜੇ-ਪੱਖੀ ਬੋਲਸੋਨਾਰੋ ਰਾਸ਼ਟਰਪਤੀ ਚੁਣਿਆ ਗਿਆ ਸੀ। ਲੂਲਾ ਦਾ ਸਿਲਵਾ 580 ਦਿਨ ਜੇਲ੍ਹ ਵਿੱਚ ਰਹੇ। ਪਿਛਲੇ ਸਾਲ ਸੁਪਰੀਮ ਕੋਰਟ ਨੇ ਲੂਲਾ ਦੇ ਖਿਲਾਫ਼ ਦਿੱਤੇ ਗਏ ਫ਼ੈਸਲੇ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਫੈਸਲਾ ਸੁਣਾਉਣ ਵਾਲਾ ਜੱਜ ਪੱਖਪਾਤੀ ਸੀ। ਯਾਦ ਰਹੇ ਕਿ ਬੋਲਸੋਨਾਰੋ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਲੂਲਾ ਨੂੰ ਜੇਲ੍ਹ ਭੇਜਣ ਵਾਲੇ ਜੱਜ ਨੂੰ ਨਿਆਂ ਮੰਤਰੀ ਬਣਾ ਦਿੱਤਾ ਗਿਆ ਸੀ।

ਬੋਲਸੋਨਾਰੋ ਦੇ 4 ਸਾਲਾ ਕਾਰਜਕਾਲ ਦੌਰਾਨ ਬ੍ਰਾਜ਼ੀਲ ਨੂੰ ਬਹੁਤ ਹੀ ਮੰਦੇ ਦਿਨ ਦੇਖਣੇ ਪਏ ਸਨ। ਕੋਰੋਨਾ ਮਹਾਂਮਾਰੀ ਦੌਰਾਨ ਬੋਲਸੋਨਾਰੋ ਲੋਕਾਂ ਨੂੰ ਵੈਕਸੀਨ ਨਾ ਲਵਾਉਣ ਤੇ ਮਾਸਕ ਨਾ ਪਹਿਨਣ ਲਈ ਕਹਿੰਦੇ ਰਹੇ। ਸਿੱਟੇ ਵਜੋਂ ਮਹਾਂਮਾਰੀ ਦੌਰਾਨ 7 ਲੱਖ ਬ੍ਰਾਜ਼ੀਲੀ ਮਾਰੇ ਗਏ ਸਨ। ਇਸ ਦੌਰ ਵਿੱਚ ਲੇਬਰ ਪਾਰਟੀ, ਮੀਡੀਆ ਤੇ ਹੋਰ ਜਮਹੂਰੀ ਸੰਸਥਾਵਾਂ ਉੱਤੇ ਹਮਲੇ ਕਰਵਾਏ ਗਏ, ਜਿਸ ਨਾਲ ਕੌਮਾਂਤਰੀ ਪੱਧਰ 'ਤੇ ਬੋਲਸੋਨਾਰੋ ਦੀ ਛਵੀ ਇੱਕ ਫਾਸ਼ਿਸਟ ਵਿਅਕਤੀ ਦੀ ਬਣ ਗਈ ਸੀ। ਇਹੋ ਨਹੀਂ ਬੋਲਸੋਨਾਰੋ ਦੇ ਰਾਜ ਦੌਰਾਨ ਸੰਸਾਰ ਪ੍ਰਸਿੱਧ ਐਮਾਜ਼ੋਨ ਵਰਖਾ ਵਣਾਂ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ, ਜਿਸ ਵਿਰੁੱਧ ਅੰਤਰ-ਰਾਸ਼ਟਰੀ ਅਦਾਲਤ ਵਿੱਚ ਅਪਰਾਧਿਕ ਮੁਕੱਦਮਾ ਕੀਤਾ ਗਿਆ ਹੈ। ਇਸ ਵਿੱਚ ਬੋਲਸੋਨਾਰੋ ਵਿਰੁੱਧ ਆਦਿਵਾਸੀ ਸਮੂਹਾਂ ਨੂੰ ਉਜਾੜਣ ਦਾ ਦੋਸ਼ ਲਾਇਆ ਗਿਆ ਹੈ।

ਨਵੇਂ ਰਾਸ਼ਟਰਪਤੀ ਲੂਲਾ ਦਾ ਸਿਲਵਾ 1 ਜਨਵਰੀ 2023 ਨੂੰ ਅਹੁਦਾ ਸੰਭਾਲਣਗੇ। ਉਨ੍ਹਾ ਦੇ ਸਾਹਮਣੇ ਅਨੇਕ ਚਣੌਤੀਆਂ ਹਨ। ਵੋਟਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੇਸ਼ ਪੂਰੀ ਤਰ੍ਹਾਂ ਦੋ ਧਾਰਾਵਾਂ ਵਿੱਚ ਵੰਡਿਆ ਜਾ ਚੁੱਕਾ ਹੈ। ਇਸ ਵੇਲੇ 21.5 ਕਰੋੜ ਦੀ ਅਬਾਦੀ ਵਾਲੇ ਇਸ ਦੇਸ਼ ਵਿੱਚ 3.3 ਕਰੋੜ ਲੋਕ ਭੁੱਖਮਰੀ ਦਾ ਸਾਹਮਣੇ ਕਰ ਰਹੇ ਹਨ। ਦਸ ਕਰੋੜ ਲੋਕ ਗਰੀਬੀ ਦੀ ਜ਼ਿੰਦਗੀ ਜੀ ਰਹੇ ਹਨ। ਇਸ ਦੇ ਨਾਲ ਹੀ ਲੂਲਾ ਲਈ ਵੱਡੀ ਮੁਸ਼ਕਲ ਇਹ ਹੈ ਕਿ ਬੋਲਸੋਨਾਰੋ ਦੇ ਸਮੱਰਥਕ ਸੰਸਦ ਤੇ ਬਹੁਤ ਸਾਰੇ ਹੇਠਲੇ ਅਦਾਰਿਆਂ ਉੱਤੇ ਕਾਬਜ਼ ਹਨ। ਇਸ ਲਈ ਲੂਲਾ ਨੇ ਕਿਹਾ ਹੈ ਕਿ ਉਹ ਸਾਰੇ 21.5 ਕਰੋੜ ਲੋਕਾਂ ਲਈ ਸ਼ਾਸਨ ਕਰਨਗੇ। ਇਸ ਲਈ ਕੇਂਦਰਵਾਦੀਆਂ ਤੱਕ ਦਾ ਵੀ ਸਹਿਯੋਗ ਲਿਆ ਜਾਵੇਗਾ। ਉਨ੍ਹਾ ਕਿਹਾ ਹੈ ਕਿ ਉਹ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਕਰਨਗੇ। ਉਨ੍ਹਾ ਗਰੀਬੀ ਖ਼ਤਮ ਕਰਨ, ਸਿੱਖਿਆ, ਸਿਹਤ ਤੇ ਰਿਹਾਇਸ਼ੀ ਪ੍ਰਬੰਧ ਵਿੱਚ ਸੁਧਾਰ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਉਨ੍ਹਾ ਐਮਾਜ਼ੋਨ ਜੰਗਲ ਦੀ ਕਟਾਈ ਤੁਰੰਤ ਰੋਕ ਦੇਣ ਦਾ ਵਚਨ ਦਿੱਤਾ ਹੈ। ਆਪਣੇ ਪਹਿਲੇ ਸੰਬੋਧਨ ਵਿੱਚ ਉਨ੍ਹਾ ਕਿਹਾ ਹੈ, 'ਜੰਗਲਾਂ ਦੀ ਕਟਾਈ ਵਿੱਚ ਸੰਸਾਰ ਆਗੂ ਬਣਨ ਦੀ ਥਾਂ ਅਸੀਂ ਜਲਵਾਯੂ ਸੰਕਟ ਦਾ ਸਾਹਮਣਾ ਕਰਨ ਤੇ ਵਾਤਾਵਰਣ ਵਿਕਾਸ ਵਿੱਚ ਸੰਸਾਰ ਚੈਂਪੀਅਨ ਬਣਨਾ ਚਾਹਾਂਗੇ।'

-ਚੰਦ ਫਤਿਹਪੁਰੀ

ਭੁੱਖਮਰੀ ਤੇ ਗਰੀਬੀ ਦਾ ਸਾਰਥਕ ਹੱਲ ਕਦੋਂ ਕੱਢਣਗੀਆਂ ਸਰਕਾਰਾਂ

ਨਰਿੰਦਰ ਸਿੰਘ

ਭਾਰਤ ਸਮੇਤ ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਵਿਚ 21ਵੀਂ ਸਦੀ ਵਿਚ ਵੀ ਭੁੱਖਮਰੀ ਦੀ ਸਥਿਤੀ ਬਣੀ ਹੋਈ ਹੈ। ਵਿਸ਼ਵ ਭੁੱਖਮਰੀ ਸੂਚਕ ਅੰਕ-2022 ਅਨੁਸਾਰ ਭਾਰਤ ਭੁੱਖਮਰੀ 'ਚ 121 ਦੇਸ਼ਾਂ 'ਚੋਂ 107ਵੇਂ ਸਥਾਨ 'ਤੇ ਹੈ, ਜਦਕਿ ਲੰਕਾ 64ਵੇਂ, ਨੇਪਾਲ 81ਵੇਂ, ਬੰਗਲਾਦੇਸ਼ 84ਵੇਂ ਅਤੇ ਪਾਕਿਸਤਾਨ 99ਵੇਂ ਸਥਾਨ 'ਤੇ ਹੈ। ਦੱਖਣੀ ਏਸ਼ੀਆ ਵਿਚ ਭਾਰਤ ਨਾਲੋਂ ਵਧੇਰੇ ਭੁੱਖਮਰੀ 'ਚ ਅਫਗਾਨਿਸਤਾਨ 109ਵੇਂ ਸਥਾਨ 'ਤੇ ਹੈ। ਭੁੱਖਮਰੀ 'ਚ ਭਾਰਤ ਦੀ ਹਾਲਤ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ, ਜਦਕਿ ਗੁਆਂਢੀ ਮੁਲਕ ਸਾਡੇ ਨਾਲੋਂ ਕਾਫੀ ਚੰਗੀ ਹਾਲਤ ਵਿਚ ਹਨ। ਭੁੱਖਮਰੀ ਦੇ ਹਿਸਾਬ ਨਾਲ ਸੰਨ 2020 'ਚ ਭਾਰਤ 94ਵੇਂ ਤੇ ਸਾਲ 2021 'ਚ 101ਵੇਂ ਸਥਾਨ 'ਤੇ ਸੀ। ਭਾਰਤ 'ਚ ਉਮਰ ਮੁਤਾਬਕ ਘੱਟ ਭਾਰ ਵਾਲੇ 19.3 ਫੀਸਦੀ ਬੱਚੇ ਵਿਸ਼ਵ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਹਨ, ਜਦਕਿ ਸਾਲ 2014 'ਚ ਭਾਰਤ 'ਚ ਘੱਟ ਭਾਰ ਵਾਲੇ 15.6 ਫੀਸਦੀ ਬੱਚੇ ਸਨ। ਇਸ ਪੱਖੋਂ ਭਾਰਤ ਦੀ ਹਾਲਤ ਬਦਤਰ ਹੀ ਹੋਈ ਹੈ। ਭਾਰਤ ਸਾਲ 2018-20 'ਚ ਭੁੱਖਮਰੀ 14.6 ਫੀਸਦੀ ਸੀ, ਜੋ ਸਾਲ 2019-21 'ਚ ਵਧ ਕੇ 16.3 ਫੀਸਦੀ ਹੋ ਗਈ। ਪਿਛਲੇ 4 ਸਾਲਾਂ 'ਚ ਭਾਰਤ 'ਚ ਭੁੱਖਮਰੀ ਚ ਵਾਧਾ ਹੋਇਆ ਹੈ। ਹਾਲਾਂਕਿ ਬੱਚਿਆਂ 'ਚ ਉਮਰ ਮੁਤਾਬਕ ਕੱਦ ਅਤੇ ਬਾਲ ਮ੍ਰਿਤੂ ਦਰ 'ਚ 3.2 ਫੀਸਦੀ ਸੁਧਾਰ ਹੋਇਆ ਹੈ। ਸਾਲ 2014 'ਚ ਭੁੱਖਮਰੀ 28.2 ਫੀਸਦੀ ਸੀ, ਜੋ ਸਾਲ 2022 'ਚ ਵਧ ਕੇ 29.1 ਫੀਸਦੀ ਹੋ ਗਈ ਹੈ।

ਕਿਸੇ ਵੀ ਦੇਸ਼ ਦੀ ਭੁੱਖਮਰੀ ਨੂੰ ਮਾਪਣ ਲਈ ਕੁਪੋਸ਼ਣਤਾ, ਬੱਚਿਆਂ 'ਚ ਉਮਰ ਮੁਤਾਬਿਕ ਘੱਟ ਲੰਬਾਈ, ਬੱਚਿਆਂ 'ਚ ਉਮਰ ਮੁਤਾਬਕ ਘਟ ਭਾਰ ਅਤੇ ਬਾਲ ਮ੍ਰਿਤੂ ਦਰ ਭੁੱਖਮਰੀ ਦੇ ਚਾਰ ਸੂਚਕ ਹਨ। ਇਨ੍ਹਾਂ ਤੋਂ ਨਿਕਲਣ ਵਾਲੇ ਨਤੀਜਿਆਂ ਅਨੁਸਾਰ ਹੀ ਦੇਸ਼ਾਂ ਨੂੰ 5 ਪ੍ਰਵਰਗਾਂ 'ਚ ਵੰਡਿਆ ਜਾਂਦਾ ਹੈ। ਹੇਠਲੇ, ਦਰਮਿਆਨੇ, ਗੰਭੀਰ, ਚਿੰਤਾਜਨਕ ਅਤੇ ਬੇਹੱਦ ਚਿੰਤਾਜਨਕ ਪੰਜ ਵਰਗ ਹਨ। ਇਨ੍ਹਾਂ ਪ੍ਰਵਰਗਾਂ ਅਨੁਸਾਰ ਹੀ ਭਾਰਤ ਨੂੰ ਗੰਭੀਰ ਪ੍ਰਵਰਗ 'ਚ ਰੱਖਿਆ ਗਿਆ ਹੈ। ਬੱਚਿਆਂ ਦੇ ਅਧਿਕਾਰਾਂ ਤੇ ਸਿਹਤ ਮਸਲਿਆਂ 'ਤੇ ਕੰਮ ਕਰਦੀ ਇਕ ਸੰਸਥਾ ਨੇ ਰਿਪੋਰਟ 'ਚ ਦੱਸਿਆ ਹੈ ਕਿ ਪਿਛਲੇ 18 ਮਹੀਨਿਆਂ 'ਚ ਜਨਵਰੀ 2021 ਤੋਂ ਮਈ 2022 ਤੱਕ ਮਹਾਂਰਾਸ਼ਟਰ ਸੂਬੇ ਵਿਚ ਪੰਜ ਸਾਲ ਦੀ ਉਮਰ ਤੱਕ ਦੇ 22751 ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ 'ਚੋਂ 19673 ਮਾਮਲੇ ਅਜਿਹੇ ਹਨ, ਜਿੱਥੇ ਬੱਚੇ ਦਾ ਅਜੇ ਜਨਮ ਹੀ ਹੋਇਆ ਸੀ।

ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਪੂਰੀ ਦੁਨੀਆਂ 'ਚ 82.8 ਕਰੋੜ ਲੋਕ ਕੁਪੋਸ਼ਣ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿੱਚੋਂ 22.4 ਕਰੋੜ ਲੋਕ ਸਿਰਫ ਭਾਰਤ ਦੇ ਹਨ। ਭਾਰਤ ਦਾ ਹਰ ਛੇਵਾਂ ਵਿਅਕਤੀ ਕੁਪੋਸ਼ਣ ਦਾ ਸ਼ਿਕਾਰ ਹੈ। ਹਾਲ ਹੀ ਵਿਚ ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਅਤੇ ਆਕਸਫੋਰਡ ਪਾਵਰਟੀ ਐਂਡ ਹਿਊਮਨ ਡਿਵੈਲਪਮੈਂਟ ਇਨੀਸ਼ੀਏਟਿਵ ਵੱਲੋਂ ਤਿਆਰ ਮਲਟੀ ਡਾਇਨੈਸ਼ਨਲ ਪਾਵਰਟੀ ਇੰਡੈਕਸ ਜਾਰੀ ਕੀਤਾ ਗਿਆ ਹੈ। ਇਸ ਪਾਵਰਟੀ ਇੰਡੈਕਸ ਮੁਤਾਬਕ ਸਾਲ 2005 ਤੋਂ ਸਾਲ 2021 ਵਿਚਕਾਰ ਭਾਰਤ ਦੀ 41.5 ਕਰੋੜ ਆਬਾਦੀ ਗਰੀਬੀ ਰੇਖਾ ਤੋਂ ਉਪਰ ਆਈ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਨੇ ਗਰੀਬੀ ਘੱਟ ਕਰਨ ਦੀ ਦਿਸ਼ਾ 'ਚ ਵੱਡੀ ਦੂਰੀ ਤੈਅ ਕੀਤੀ ਹੈ, ਪਰ ਹਾਲੇ ਚੁਣੌਤੀ ਬਾਕੀ ਹੈ, ਕਿਉਂਕਿ ਹਾਲੇ ਵੀ ਭਾਰਤ 'ਚ 22.8 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਿਉਂ ਰਹੇ ਹਨ। ਜੋ ਗਿਣਤੀ ਦੇ ਲਿਹਾਜ਼ ਨਾਲ ਬਾਕੀ ਦੇਸ਼ਾਂ ਦੀ ਤੁਲਨਾ ਚ ਵੱਧ ਹੈ।

ਗਰੀਬੀ ਦੀ ਹਾਲਤ ਉਦੋਂ ਪੈਦਾ ਹੁੰਦੀ ਹੈ, ਜਦੋਂ ਵਿਅਕਤੀ ਦੀ ਆਮਦਨ ਅਤੇ ਹੋਰ ਉਤਪਾਦ ਸਾਧਨਾਂ ਦੀ ਘਾਟ ਕਾਰਨ ਇਨਸਾਨ ਰੋਜ਼ੀ-ਰੋਟੀ ਯਕੀਨੀ ਨਹੀਂ ਬਣਾ ਸਕਦਾ। ਬਹੁਤ ਜ਼ਿਆਦਾ ਗਰੀਬੀ ਦੀ ਹਾਲਤ ਵਿਚ ਵਿਅਕਤੀ ਕੋਲ ਜ਼ਿੰਦਗੀ 'ਚ ਗੁਜ਼ਾਰੇ ਲਈ ਰੋਟੀ, ਕੱਪੜਾ ਅਤੇ ਮਕਾਨ ਮੁੱਢਲੀਆਂ ਲੋੜਾਂ ਵੀ ਮੁਹੱਈਆ ਨਹੀਂ ਹੁੰਦੀਆਂ। ਹਾਲ ਹੀ ਵਿੱਚ ਵਿਸ਼ਵ ਨਾਬਰਾਬਰੀ ਰਿਪੋਰਟ 2022 ਦੇ ਅਨੁਸਾਰ ਭਾਰਤ ਦੁਨੀਆ ਦੇ ਸਭ ਤੋਂ ਨਾਬਰਾਬਰ ਦੇਸ਼ਾਂ 'ਚੋਂ ਇਕ ਹੈ। ਦੁਨੀਆ ਦੀ ਸਭ ਤੋਂ ਗਰੀਬ ਅੱਧੀ ਆਬਾਦੀ ਦੇ ਕੋਲ ਕੁਲ ਜਾਇਦਾਦ ਦਾ ਸਿਰਫ 2 ਫੀਸਦੀ ਹੈ, ਜਦਕਿ ਦੁਨੀਆ ਦੀ ਸਭ ਤੋਂ ਅਮੀਰ 10 ਫੀਸਦੀ ਆਬਾਦੀ ਕੋਲ ਕੁਲ ਜਾਇਦਾਦ ਦਾ 76 ਫੀਸਦੀ ਹਿੱਸਾ ਹੈ। ਮੱਧ ਪੂਰਬ ਅਤੇ ਉੱਤਰੀ ਅਮਰੀਕਾ ਦੁਨੀਆ ਦੇ ਸਭ ਤੋਂ ਨਾਬਰਾਬਰ ਖੇਤਰ ਹਨ, ਜਦਕਿ ਯੂਰਪ ਵਿਚ ਨਾਬਰਾਬਰੀ ਦਾ ਪੱਧਰ ਸਭ ਤੋਂ ਘੱਟ ਹੈ। ਇਕ ਦੇਸ਼ ਤੋਂ ਦੂਸਰੇ ਦੇਸ਼ ਦੇ ਦਰਮਿਆਨ ਨਾਬਰਾਬਰੀ ਤੋਂ ਕਿਤੇ ਵੱਧ ਕਿਸੇ ਦੇਸ਼ ਦੇ ਅੰਦਰ ਹੀ ਨਾਬਰਾਬਰੀ ਵੱਧ ਪਾਈ ਜਾਂਦੀ ਹੈ। ਦੇਸ਼ਾਂ ਦੇ ਸਭ ਤੋਂ ਵੱਧ ਆਮਦਨ ਵਾਲੇ 10 ਫੀਸਦੀ ਅਤੇ ਸਭ ਤੋਂ ਘੱਟ ਆਮਦਨ ਵਾਲੇ 50 ਫੀਸਦੀ ਵਿਅਕਤੀਆਂ ਦੀ ਔਸਤ ਆਮਦਨ ਦੇ ਦਰਮਿਆਨ ਦਾ ਫ਼ਰਕ ਲੱਗਭੱਗ ਦੁੱਗਣਾ ਹੈ। ਅਧਿਐਨ 'ਚ ਇਹ ਵੀ ਪਾਇਆ ਗਿਆ ਹੈ ਕਿ ਪਿਛਲੇ 40 ਸਾਲਾਂ 'ਚ ਦੇਸ਼ ਕਾਫੀ ਅਮੀਰ ਹੋ ਗਏ, ਪਰ ਉਨ੍ਹਾਂ ਦੀਆਂ ਸਰਕਾਰਾਂ ਕਾਫੀ ਗਰੀਬ ਹੋ ਗਈਆਂ ਹਨ। ਰਿਪੋਰਟ ਮੁਤਾਬਕ 1.3 ਬਿਲੀਅਨ ਲੋਕ ਅਜੇ ਵੀ ਗਰੀਬੀ ਦੇ ਪੱਧਰ 'ਤੇ ਜੀਅ ਰਹੇ ਹਨ। ਜਿਨ੍ਹਾਂ 'ਚ ਲੱਗਭੱਗ ਅੱਧੇ ਬੱਚੇ ਅਤੇ ਨੌਜਵਾਨ ਹਨ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਨੇ ਮਾਨਵ ਵਿਕਾਸ ਰਿਪੋਰਟ 'ਚ ਭਾਰਤ ਦੇ 189 ਦੇਸ਼ਾਂ 'ਚ 130ਵੇਂ ਸਥਾਨ 'ਤੇ ਰੱਖਿਆ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਨੁਸਾਰ ਲੱਗਭੱਗ 28 ਫੀਸਦੀ ਲੋਕ ਗਰੀਬੀ ਵਿਚ ਜੀਅ ਰਹੇ ਹਨ। ਕੋਵਿਡ-19 ਕਾਰਨ ਆਏ ਸੰਕਟ ਅਤੇ ਵਧ ਰਹੀ ਮਹਿੰਗਾਈ ਨੇ ਹਾਲਤ ਹੋਰ ਵੀ ਖਸਤਾ ਕੀਤੀ ਹੈ। ਅਤੇ ਦੇਸ਼ ਸਮੂਹਿਕ ਤੌਰ 'ਤੇ ਗਰੀਬ ਦੇਸ਼ ਬਣਨ ਵੱਲ ਵਧ ਰਿਹਾ ਹੈ। ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਧ ਜਾਣ ਕਾਰਨ ਲੋਕਾਂ ਦੀ ਖਰੀਦ ਸ਼ਕਤੀ ਘਟ ਗਈ ਹੈ, ਜਿਸ ਕਾਰਨ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਸਾਲ 2006 ਤੋਂ 2016 ਦੇ ਦਹਾਕੇ ਦੌਰਾਨ ਭਾਰਤ ਵਿੱਚੋਂ ਲੱਗਭੱਗ 27 ਕਰੋੜ ਵਿਅਕਤੀਆਂ ਨੂੰ ਗਰੀਬੀ ਰੇਖਾ ਤੋਂ ਬਾਹਰ ਲਿਆਂਦਾ ਗਿਆ ਸੀ, ਪਰ ਸਾਲ 2020 ਵਿਚ ਭਾਰਤ ਦੁਨੀਆ ਵਿਚ ਸਭ ਤੋਂ ਵੱਧ ਗਰੀਬਾਂ ਦੀ ਗਿਣਤੀ ਵਧਾਉਣ ਵਾਲੇ ਦੇਸ਼ ਦੇ ਤੌਰ 'ਤੇ ਦਰਜ ਸੀ। ਭਾਰਤ ਵਿਚ ਸਭ ਤੋਂ ਵੱਧ ਗਰੀਬੀ ਛੱਤੀਸਗੜ੍ਹ ਅਤੇ ਸਭ ਤੋਂ ਘੱਟ ਗਰੀਬੀ ਅੰਡੇਮਾਨ ਵਿਚ ਹੈ।

ਹਾਲਾਂਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਰਾਹੀਂ ਦੇਸ਼ ਦੇ 80 ਕਰੋੜ ਲੋਕਾਂ ਨੂੰ ਪ੍ਰਤੀ ਮਹੀਨਾ 5 ਕਿਲੋਗ੍ਰਾਮ ਅਨਾਜ ਪ੍ਰਤੀ ਵਿਅਕਤੀ ਪ੍ਰਦਾਨ ਕੀਤਾ ਜਾਂਦਾ ਹੈ। ਇਸ ਸਕੀਮ ਨੂੰ 1 ਅਕਤੂਬਰ 2022 ਤੋਂ ਅਗਲੇ ਤਿੰਨ ਮਹੀਨਿਆਂ ਲਈ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਸ ਸਕੀਮ ਲਈ ਸਰਕਾਰ ਨੂੰ ਲੱਗਭੱਗ 45 ਹਜ਼ਾਰ ਕਰੋੜ ਰੁਪਏ ਹੋਰ ਖਰਚਣੇ ਪੈਣਗੇ, ਜਦਕਿ ਹੁਣ ਤੱਕ ਇਸ ਸਕੀਮ ਰਾਹੀਂ 3 ਲੱਖ 45 ਹਜ਼ਾਰ ਕਰੋੜ ਰੁਪਏ ਖਰਚੇ ਗਏ ਹਨ। ਦੇਸ਼ ਦੀ ਆਬਾਦੀ ਦਾ ਲੱਗਭੱਗ 80 ਫੀਸਦੀ ਲੋਕ ਰੋਜ਼ਾਨਾ 163 ਰੁਪਏ ਤੋਂ ਘੱਟ ਖਰਚ ਕਰਦੇ ਹਨ। ਇਕ ਪਾਸੇ ਗਰੀਬ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ। ਦੂਸਰੇ ਪਾਸੇ ਕਈ ਨਕਲੀ ਗਰੀਬ ਸਰਕਾਰੀ ਭਲਾਈ ਸਕੀਮਾਂ ਦਾ ਨਜਾਇਜ਼ ਲਾਭ ਉਠਾ ਰਹੇ ਹਨ। ਰੋਟੀ ਜੋ ਕਿ ਕੁਲ ਮਨੁੱਖੀ ਲੋੜਾਂ 'ਚੋਂ ਜਿਉਣ ਦੀ ਮੁਢਲੀ ਸ਼ਰਤ ਹੈ, ਜੋ 75 ਸਾਲਾਂ ਦੀ ਆਜ਼ਾਦੀ ਦੇ ਬਾਅਦ ਵੀ ਸਾਡੇ ਦੇਸ਼ ਦੀਆਂ ਸਰਕਾਰਾਂ ਪੂਰੀ ਨਹੀਂ ਕਰ ਸਕੀਆਂ। ਅੱਜ ਵੀ ਲੋਕਾਈ ਦੇ ਪਿੰਡੇ ਕੁਪੋਸ਼ਣ ਦਾ ਦੈਂਤ ਚਿੰਬੜਿਆ ਹੋਇਆ ਹੈ। ਇਸ ਸਥਿਤੀ ਵਿਚ ਹੁਕਮਰਾਨ ਕੋਈ ਢੁਕਵਾਂ ਕਦਮ ਚੁੱਕਣ ਦੀ

3-NOV-PAGE-5.qxd 11/2/2022 10:23 PM Page 1

ਗਿਆਸਪੁਰਾ ਦੀ ਫੈਕਟਰੀ 'ਚ ਗੈਸ ਲੀਕ, 5 ਵਿਅਕਤੀ ਬੇਹੋਸ਼

ਲੁਧਿਆਣਾ (ਐਮ.ਐਸ.ਭਾਟੀਆ/ਹੈਕਟਰ ਕਬੂਰੀਆ) ਗਿਆਸਪੁਰਾ ਇਲਾਕੇ ਵਿੱਚ ਚੱਲਦੀ ਇੱਕ 'ਚ ਫੈਕਟਰੀ 'ਚ ਗੈਸ ਲੀਕ ਹੋਣ ਦਾ ਗੰਭੀਰ ਹਾਦਸਾ ਵਾਪਰਿਆ ਹੈ। ਫੈਕਟਰੀ ਮਾਲਕ ਤੇ ਪ੍ਰਸ਼ਾਸਨ 'ਤੇ ਸਵਾਲ ਖੜੇ ਕਰਦਾ ਇਹ ਹਾਦਸਾ ਇੱਕ ਵਾਰ ਫੇਰ ਗੰਭੀਰ ਸਥਿਤੀ ਵੱਲ ਇਸ਼ਾਰਾ ਕਰਦਾ ਹੈ। ਇਸ ਹਾਦਸੇ ਵਿੱਚ 5 ਵਿਅਕਤੀ ਬੇਹੋਸ਼ ਹੋਏ, ਜੋ ਮਜ਼ਦੂਰ ਹਨ। ਇਹ ਸਾਰੇ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖਲ ਕਰਾਏ ਗਏ ਹਨ, ਜਿਨ੍ਹਾਂ ਦੇ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ। ਵੇਰਵੇ ਮੁਤਾਬਕ ਲੁਧਿਆਣਾ ਦੇ ਗਿਆਸਪੁਰਾ ਸਥਿਤ ਜਦੋਂ ਸਵੇਰੇ ਸਾਢੇ ਕੁ ਅੱਠ ਵਜੇ ਇਕ ਫੈਕਟਰੀ 'ਚ ਗੈਸ ਲੀਕ ਹੋਈ ਤਾਂ ਉੱਥੇ ਹਫੜਾ-ਦਫੜੀ ਮੱਚ ਗਈ। ਸੂਚਨਾ ਮਿਲਦਿਆਂ ਹੀ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ। ਫੈਕਟਰੀ ਦੇ ਆਸ ਪਾਸ ਦੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਉਕਤ ਫ਼ੈਕਟਰੀ 'ਚ ਆਕਸੀਜਨ ਬਣਾਈ ਜਾਂਦੀ ਹੈ ਤੇ ਗੈਸ ਦੀ ਪਾਈਪ ਫਟਣ ਕਾਰਨ ਇਹ ਹਾਦਸਾ ਵਾਪਰਿਆ ਹੈ, ਜਿਸ ਨਾਲ 5 ਮਜ਼ਦੂਰਾਂ ਦੇ ਬੇਹੋਸ਼ ਹੋਣ ਦਾ ਪਤਾ ਲੱਗਾ ਹੈ, ਜਿਨ੍ਹਾਂ ਨੂੰ ਇਲਾਜ ਲਈ ਲੁਧਿਆਣਾ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ। ਹੁਣ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮੌਕੇ 'ਤੇ ਪੁਲਸ ਅਤੇ ਹੋਰ ਸਿਵਲ ਅਧਿਕਾਰੀਆਂ ਵਲੋਂ ਸਥਿਤੀ 'ਤੇ ਕਾਬੂ ਪਾ ਲਿਆ ਗਿਆ ਹੈ। ਸਥਾਨਕ ਵਿਧਾਇਕ ਤੇ ਹੋਰ ਵਿਅਕਤੀ ਵੀ ਬੇਹੋਸ਼ ਹੋਏ ਲੋਕਾਂ ਦਾ ਹਾਲ ਜਾਨਣ ਲਈ ਸਿਵਲ ਹਸਪਤਾਲ ਪਹੁੰਚੇ।

ਏਡੀਸੀ ਜਨਰਲ ਰੋਹਿਤ ਚਾਬਾ ਨੇ ਕਿਹਾ ਕਿ ਹਰਪ੍ਰੀਤ ਗੈਸ ਏਜੰਸੀ 'ਚ ਆਕਸੀਜਨ ਬਨਾਉਣ ਦਾ ਕੰਮ ਹੁੰਦਾ ਹੈ, ਜਿਥੇ ਕਾਰਬਨ ਡਾਇਆਕਸਾਈਡ ਦਾ ਟੈਂਕਰ ਆਇਆ ਸੀ ਤੇ ਉਸ ਟੈਂਕਰ ਤੋਂ ਫੈਕਟਰੀ ਦੇ ਟੈਂਕਰਾਂ ਵਿੱਚ ਗੈਸ ਨੂੰ ਸ਼ਿਫਟ ਕੀਤਾ ਜਾ ਰਿਹਾ ਸੀ। ਇਸ ਦੌਰਾਨ ਗੇਟ ਵਾਲ ਕੋਲੋਂ ਅਚਾਨਕ ਰਿਸਾਅ ਹੋ ਗਿਆ ਤੇ ਨਾਲ ਦੀ ਫੈਕਟਰੀ 'ਚ ਕੰਮ ਕਰ ਰਹੇ 5 ਲੋਕ ਬੇਹੋਸ਼ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ, ਜਿਨ੍ਹਾਂ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਹੈ। ਇਸੇ ਦੌਰਾਨ ਹਲਕਾ ਦੱਖਣੀ ਲੁਧਿਆਣਾ ਦੀ ਵਿਧਾਇਕ ਰਾਜਿੰਦਰਪਾਲ ਕੌਰ ਛੀਨਾਵੀ ਮੌਕੇ 'ਤੇ ਪੁੱਜੀ ਤੇ ਹਸਪਤਾਲ ਜਾ ਕੇ ਗੈਸ ਤੋਂ ਪ੍ਰਭਾਵਤ ਮਜ਼ਦੂਰਾਂ ਦਾ ਹਾਲਚਾਲ ਵੀ ਪੁੱਛਿਆ। ਫੈਕਟਰ ਦੇ ਗੁਆਂਢ ਵਿਚ ਰਹਿੰਦੇ ਪ੍ਰੇਮ ਝਾਅ ਨੇ ਵੀ ਮੀਡੀਆ ਨੂੰ ਇਸ ਹਾਦਸੇ ਬਾਰੇ ਦੱਸਿਆ। ਦੇਖਣਾ ਇਹ ਹੈ ਕਿ ਗੈਸ ਤੋਂ ਪ੍ਰਭਾਵਤ ਹੋਏ ਮਜ਼ਦੂਰਾਂ ਨੂੰ ਹਸਪਤਾਲ ਤੋਂ ਛੁੱਟੀ ਦੇਣ ਵੇਲੇ ਇਸ ਗੱਲ ਦਾ ਪਤਾ ਕੌਣ ਲਾਏਗਾ ਕਿ ਇਸ ਗੈਸ ਦਾ ਆਸਰਾ ਉਨ੍ਹਾਂ ਦੇ ਸਰੀਰਾਂ 'ਤੇ ਕਿੰਨੀ ਦੇਰ ਰਹਿਣਾ। ਆਮ ਤੌਰ 'ਤੇ ਕਾਨੂੰਨੀ ਘੁੰਡੀਆਂ ਤੋਂ ਬਚਨ ਲਈ ਮਜ਼ਦੂਰਾਂ ਨੂੰ ਤੁਰਦਾ ਫਿਰਦਾ ਕਰਕੇ ਹਸਪਤਾਲੋਂ ਜਲਦੀ ਹੀ ਛੁੱਟੀ ਦੇ ਦਿਤੀ ਜਾਂਦੀ ਹੈ। ਗੈਸ ਦੇ ਅਸਰ ਸਮਾਂ ਪਾ-ਪਾ ਕੇ ਆਪਣਾ ਕਹਿਰ ਦਿਖਾਉਂਦੇ ਰਹਿੰਦੇ ਹਨ। ਮਜ਼ਦੂਰ ਜ਼ਿਆਦਾ ਪੜ੍ਹੇ ਲਿਖੇ ਵੀ ਨਹੀਂ ਹੁੰਦੇ ਅਤੇ ਉਹਨਾਂ ਨੂੰ ਕੋਈ ਸਹੀ ਗੱਲ ਵੀ ਨਹੀਂ ਦਸਦਾ।

ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ

ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)-ਪਿੰਡ ਹਮੀਦੀ-ਸਹੌਰ ਲਿੰਕ ਸੜਕ ਉਪਰ ਵਾਪਰੇ ਇਕ ਹਾਦਸੇ 'ਚ ਮਹਿਲ ਕਲਾਂ ਸੋਢੇ ਨਾਲ ਸਬੰਧਤ ਇਕ ਕਿਸਾਨ ਪਰਿਵਾਰ ਦੇ ਇਕਲੌਤੇ ਨੌਜਵਾਨ ਪੁੱਤਰ ਦੀ ਮੌਤ ਹੋ ਜਾਣ ਦਾ ਪਤਾ ਲੱਗਾ ਹੈ। ਥਾਣਾ ਠੁੱਲ੍ਹੀਵਾਲ ਦੇ ਮੁੱਖ ਅਫਸਰ ਗੁਰਮੇਲ ਸਿੰਘ, ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਨੌਜਵਾਨ ਨਵਦੀਪ ਸਿੰਘ ਉਰਫ ਨਵੀ (19) ਪੁੱਤਰ ਸਵ: ਜੁਗਰਾਜ ਸਿੰਘ ਵਾਸੀ ਮਹਿਲ ਕਲਾਂ ਸੋਢੇ (ਬਰਨਾਲਾ) ਜੋ ਮੋਟਰਸਾਈਕਲ ਤੇ ਸਵਾਰ ਹੋ ਕੇ ਆਪਣੀ ਰਿਸ਼ਤੇਦਾਰੀ 'ਚ ਜਾ ਰਿਹਾ ਸੀ। ਰਸਤੇ ਵਿੱਚ ਜਦੋਂ ਪਿੰਡ ਹਮੀਦੀ ਤੋਂ ਸਹੌਰ ਨੂੰ ਆਉਂਦੀ ਲਿੰਕ ਸੜਕ ਦੇ ਵਿਚਕਾਰ ਦੀ ਲੰਘਦੇ ਰਜਬਾਹੇ ਦੇ ਪੁਲ ਕੋਲ ਪੁੱਜਿਆ ਤਾਂ ਉਸ ਦੇ ਮੋਟਰਸਾਈਕਲ ਨੂੰ ਕਿਸੇ ਵਾਹਨ ਵੱਲੋਂ ਫੇਟ ਮਾਰ ਦੇਣ ਨਾਲ ਨੌਜਵਾਨ ਨਵਦੀਪ ਨਵੀ ਸਿਰ 'ਚ ਜ਼ਿਆਦਾ ਸੱਟ ਵੱਜਣ ਨਾਲ ਗੰਭੀਰ ਜ਼ਖਮੀ ਹੋ ਗਿਆ। ਜਦੋਂ ਤੱਕ ਉਸ ਨੂੰ ਸਿਵਲ ਹਸਪਤਾਲ ਮਹਿਲ ਕਲਾਂ ਪਹੁੰਚਾਇਆ ਗਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਮ੍ਰਿਤਕ ਨੌਜਵਾਨ ਦੇ ਤਾਇਆ ਚਮਕੌਰ ਸਿੰਘ ਵਾਸੀ ਮਹਿਲ ਕਲਾਂ ਸੋਢੇ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਠੁੱਲ੍ਹੀਵਾਲ ਵਿਖੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਦਾ ਪਿਤਾ ਜੁਗਰਾਜ ਸਿੰਘ ਵੀ 12 ਸਾਲ ਪਹਿਲਾਂ ਪਿੰਡ ਭੱਦਲਵੱਢ ਨੇੜੇ ਸੜਕ ਹਾਦਸੇ ਦੀ ਭੇਟ ਚੜ੍ਹ ਗਿਆ ਸੀ। ਹੁਣ ਵਿਧਵਾ ਮਾਂ ਦਾ ਸਹਾਰਾ ਇਕਲੌਤਾ ਪੁੱਤਰ ਵੀ ਦੁਖਦਾਈ ਸੜਕ ਹਾਦਸੇ ਦਾ ਸ਼ਿਕਾਰ ਹੋ ਜਾਣ 'ਤੇ ਇਲਾਕੇ ਅੰਦਰ ਮਾਹੌਲ ਸੋਗਮਈ ਬਣਿਆ ਹੋਇਆ ਹੈ।

ਬਲਾਕ ਕਾਂਗਰਸ ਕਮੇਟੀ ਝੁਨੀਰ ਦੇ ਪ੍ਰਧਾਨ ਵੱਲੋਂ ਬਲਾਕ ਅਹੁਦੇਦਾਰਾਂ ਦੀ ਸੂਚੀ ਜਾਰੀ

ਮਾਨਸਾ (ਗੀਤਵਾਲ) ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪਿਛਲੇ ਦਿਨਾਂ ਤੋਂ ਕਾਂਗਰਸ ਦੇ ਜਥੇਬੰਦਕ ਢਾਂਚੇ ਦੇ ਨਿਰਮਾਣ ਦੀ ਆਰੰਭੀ ਪ੍ਰਕਿਰਿਆ ਤਹਿਤ ਕਾਂਗਰਸ ਦੇ ਸਰਦੂਲਗੜ੍ਹ ਦੇ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਚੇਅਰਮੈਨ ਬਿਕਰਮ ਸਿੰਘ ਮੋਫਰ ਦੀ ਸਿਫ਼ਾਰਸ਼ ਮੁਤਾਬਕ ਬਲਾਕ ਕਾਂਗਰਸ ਕਮੇਟੀ ਝੁਨੀਰ ਦੇ ਪ੍ਰਧਾਨ ਬਲਵੰਤ ਸਿੰਘ ਕੋਰਵਾਲਾ ਵੱਲੋਂ ਬਲਾਕ ਦੇ ਅਹੁਦੇਦਾਰਾਂ ਦੀ ਇਕ ਸੂਚੀ ਜਾਰੀ ਕੀਤੀ ਗਈ।

ਜਾਰੀ ਸੂਚੀ ਮੁਤਾਬਕ ਨਵ ਨਿਯੁਕਤ ਅਹੁਦੇਦਾਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਪੰਮੀ ਰਾਏਪੁਰ ,ਪੋਲੋਜੀਤ ਸਿੰਘ ਬਾਜੇਵਾਲਾ, ਰਣਜੀਤ ਸਿੰਘ ਚੈਨੇਵਾਲਾ, ਸਲਿੰਦਰ ਸਿੰਘ ਘੁਰਕਣੀ, ਤੇਜਾ ਸਿੰਘ ਟੈਣੀ ਝੁਨੀਰ, ਜਨਰਲ ਸਕੱਤਰ ਕੁਲਵਿੰਦਰ ਸਿੰਘ ਰਾਏਪੁਰ, ਜਰਨਲ ਸਕੱਤਰ ਮਨਜੀਤ ਸਿੰਘ ਕੋਟਧਰਮੂ ਜਨਰਲ ਸਕੱਤਰ, ਗੁਰਜੀਤ ਸਿੰਘ ਰਮਦਿੱਤੇਵਾਲਾ ਜਨਰਲ ਸਕੱਤਰ, ਕੁਲਦੀਪ ਸਿੰਘ ਝੇਰਿਆਂਵਾਲੀ ਜਨਰਲ ਸਕੱਤਰ, ਮਹਿੰਦਰ ਸਿੰਘ ਸਾਬਕਾ ਸਰਪੰਚ ਭੰਮੇ ਕਲਾਂ ਜਨਰਲ ਸਕੱਤਰ, ਜਗਤਾਰ ਸਿੰਘ ਭੁਲੇਰੀਆ ਨੰਗਲ ਕਲਾਂ ਜਨਰਲ ਸਕੱਤਰ, ਸੁਖਪਾਲ ਸਿੰਘ ਨੰਬਰਦਾਰ ਮੂਸਾ ਜਰਨਲ ਸਕੱਤਰ, ਹਰਮੇਲ ਸਿੰਘ ਨੰਬਰਦਾਰ ਖੋਖਰ ਖੁਰਦ ਜਨਰਲ ਸਕੱਤਰ, ਪਰਮਜੀਤ ਸਿੰਘ ਪੰਚ ਲਾਲਿਆਂਵਾਲੀ ਸਕੱਤਰ, ਜੱਗੀ ਮੋਫਰ ਸਕੱਤਰ ਗੁਰਵਿੰਦਰ ਸਿੰਘ ਭਲਾਈਕੇ ਸਕੱਤਰ, ਭੁਪਿੰਦਰ ਸਿੰਘ ਚਚੋਰ ਸਕੱਤਰ, ਸੁਖਦੇਵ ਸਿੰਘ ਸਾਬਕਾ ਸਰਪੰਚ ਨੰਦਗੜ੍ਹ ਸਕੱਤਰ, ਕਾਲਾ ਸਿੰਘ ਬਹਿਣੀਵਾਲ ਸਕੱਤਰ, ਅਮਨਦੀਪ ਸਿੰਘ ਘੁੱਦੂਵਾਲਾ ਸਕੱਤਰ, ਜਗਤਾਰ ਸਿੰਘ ਬੁਰਜ ਭਲਾਈਕੇ, ਸਕੱਤਰ ਜਗਜੀਤ ਸਿੰਘ ਭੁੱਲਰ ਸਾਹਨੇਵਾਲੀ ਸਕੱਤਰ, ਗੁਰਮੀਤ ਸਿੰਘ ਨੰਬਰਦਾਰ ਮੀਆਂ ਸਕੱਤਰ ,ਤਰਸੇਮ ਸਿੰਘ ਜੌੜਕੀਆਂ ਸਕੱਤਰ, ਜੱਸੀ ਸਿੰਘ ਜਵਾਹਰ ਕੇ ਮਨਜਿੰਦਰ ਸਿੰਘ ਮਾਖਾ ਰਾਏਪੁਰ, ਬੁਲਾਰਾ ਕੁਲਦੀਪ ਸਿੰਘ ਮੂਸਾ ਬੁਲਾਰਾ , ਜਸਵਿੰਦਰ ਸਿੰਘ ਜੌੜਕੀਆਂ ਮੀਡੀਆ ਇੰਚਾਰਜ, ਸਿਮਰਜੀਤ ਸਿੰਘ ਮਾਨ ਝੁਨੀਰ ਸੋਸ਼ਲ ਮੀਡੀਆ ਕੋਆਰਡੀਨੇਟਰ ਤੇ ਗੋਬਿੰਦ ਸਿੰਘ ਰਾਏਪੁਰ ਸਲਾਹਕਾਰ, ਗੋਰਾ ਸਿੰਘ ਖਿਆਲੀ ਚਹਿਲਾਂਵਾਲੀ ਸਲਾਹਕਾਰ, ਰਾਵਲਾ ਸਿੰਘ ਬਾਜੇਵਾਲਾ ਸਲਾਹਕਾਰ, ਚੇਤ ਸਿੰਘ ਤਲਵੰਡੀ ਅਕਲੀਆ ਸਲਾਹਕਾਰ, ਸੂਬੇਦਾਰ ਨਛੱਤਰ ਸਿੰਘ ਉਲਕ ਸਲਾਹਕਾਰ, ਬੋਗੜੀ ਸਿੰਘ ਦਾਨੇਵਾਲਾ ਕੋਆਰਡੀਨੇਟਰ, ਰਣਜੀਤ ਸਿੰਘ ਉੱਡਤ ਭਗਤਰਾਮ ਕੋਆਰਡੀਨੇਟਰ, ਬੇਅੰਤ ਸਿੰਘ ਫਤਿਹਪੁਰ ਮੈਂਬਰ, ਬਲਜੀਤ ਸਿੰਘ ਰਮਦਿੱਤੇਵਾਲਾ ਮੈਂਬਰ, ਰਾਜੀਵ ਸਿੰਘ ਸਾਹਨੇਵਾਲੀ ਮੈਂਬਰ, ਬਿੱਟੂ ਸਿੰਘ ਤਲਵੰਡੀ ਅਕਲੀਆ ਮੈਂਬਰ, ਬਲਜੀਤ ਸਿੰਘ ਰਮਦਿੱਤੇਵਾਲਾ ਮੈਂਬਰ ਚੁਣੇ ਗਏ।

ਬਲਾਕ ਝੁਨੀਰ ਦੇ ਨਵ ਨਿਯੁਕਤ ਅਹੁਦੇਦਾਰਾਂ ਨੇ ਕਾਂਗਰਸ ਹਾਈਕਮਾਂਡ ਅਤੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਚੇਅਰਮੈਨ ਬਿਕਰਮ ਸਿੰਘ ਮੋਫਰ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਇਸ ਮੌਕੇ ਪੀ.ਪੀ.ਸੀ.ਸੀ ਮੈਂਬਰ ਰਿਪੀ ਬਰਾੜ ਸਰਦੂਲਗੜ੍ਹ, ਬਲਵਿੰਦਰ ਸਿੰਘ ਸਰਪੰਚ ਚੈਨੇਵਾਲਾ, ਅਮਨ ਗੁਰਵੀਰ ਸਿੰਘ ਲਾਡੀ ਸਰਪੰਚ ਝੁਨੀਰ, ਜੀਤ ਸਿੰਘ ਭਲਾਈਕੇ, ਜਸਵੰਤ ਸਿੰਘ ਜੌੜਕੀਆਂ, ਹਰਚੰਦ ਸਿੰਘ ਸਰਪੰਚ ਘੁੱਦੂਵਾਲਾ, ਲਾਭ ਸਿੰਘ ਸਰਪੰਚ ਲਾਲਿਆਂਵਾਲੀ ਆਦਿ ਹਾਜ਼ਰ ਸਨ।

ਕਾਤਰਾਂ

ਕੌਂਸਲ ਪ੍ਰਧਾਨ ਦੀ ਕਾਰ ਨਾਲ ਅਣਪਛਾਤੀ ਕਾਰ ਦੀ ਟੱਕਰ

ਬੁਢਲਾਡਾ (ਅਸ਼ੋਕ ਲਾਕੜਾ) ਫੁੱਟਬਾਲ ਚੌਂਕ 'ਚ ਓਵਰਬ੍ਰਿਜ ਦੇ ਨਜ਼ਦੀਕ ਅਣਪਛਾਤੇ ਵਾਹਨ ਵੱਲੋਂ ਨਗਰ ਕੌਂਸਲ ਦੇ ਪ੍ਰਧਾਨ ਸੁਖਪਾਲ ਸਿੰਘ ਦੀ ਕਾਰ ਨੂੰ ਟੱਕਰ ਮਾਰ ਦਿੱਤੀ ਗਈ, ਜਿਸ ਵਿੱਚ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ, ਪ੍ਰੰਤੂ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕੌਂਸਲਰ ਰਜਿੰਦਰ ਸੈਣੀ ਝੰਡਾ ਨੇ ਦੱਸਿਆ ਕਿ ਕੌਂਸਲ ਪ੍ਰਧਾਨ ਦਾ ਪੁੱਤਰ ਰੋਜ਼ਾਨਾ ਦੀ ਤਰ੍ਹਾਂ ਆਪਣੀ ਕਾਰ ਲੈ ਕੇ ਸ਼ਹਿਰ ਨੂੰ ਆ ਰਿਹਾ ਸੀ ਕਿ ਜਗਤ ਰਿਜੋਰਟਸ ਦੇ ਨਜ਼ਦੀਕ ਇੱਕ ਅਣਪਛਾਤੀ ਇਨੋਵਾ ਕਾਰ ਤੇਜ਼ ਰਫ਼ਤਾਰ ਨਾਲ ਮੁੜੀ, ਜੋ ਦੁਰਘਟਨਾ ਦਾ ਸ਼ਿਕਾਰ ਹੋ ਗਈ।

ਰਕੇਸ ਬੋਹਾ ਡੀ ਸੀ ਦਫ਼ਤਰ ਯੂਨੀਅਨ ਦੇ ਪ੍ਰਧਾਨ ਬਣੇ

ਮਾਨਸਾ (ਗੀਤਵਾਲ) ਸਟੇਟ ਪ੍ਰਧਾਨ ਡੀਸੀ ਦਫ਼ਤਰ ਕਰਮਚਾਰੀ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ ਦੀ ਪ੍ਰਧਾਨਗੀ ਹੇਠ ਬੱਚਤ ਭਵਨ 'ਚ ਹੋਈ। ਮੀਟਿੰਗ 'ਚ ਡੀ ਸੀ ਦਫ਼ਤਰ ਦੇ ਕ੍ਰਮਚਾਰੀ ਸ਼ਾਮਲ ਹੋਏ। ਸੂਬਾ ਪ੍ਰਧਾਨ ਤੇਜਿੰਦਰ ਨੰਗਲ ਦੀ ਨਿਗਰਾਨੀ ਹੇਠ ਕਰਾਈ ਗਈ ਯੂਨੀਅਨ ਦੀ ਚੋਣ ਵਿੱਚ ਰਕੇਸ਼ ਬੋਹਾ ਨੂੰ ਪ੍ਰਧਾਨ ਤੇ ਸੁਖਵਿੰਦਰ ਸਿੰਘ ਕਲਰਕ ਨੂੰ ਜਨਰਲ ਸਕੱਤਰ ਅਤੇ ਮਨੋਜ ਕੁਮਾਰ ਕਲਰਕ ਨੂੰ ਖ਼ਜ਼ਾਨਚੀ ਚੁਣਿਆ ਗਿਆ। ਰਕੇਸ਼ ਬੋਹਾ ਨੇ ਕਿਹਾ ਕਿ ਉਹ ਮੁਲਾਜ਼ਮਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਾਉਣ ਦਾ ਯਤਨ ਕਰਨਗੇ ਅਤੇ ਸਟੇਟ ਬਾਡੀ ਨਾਲ ਮਿਲ ਕੇ ਕੰਮ ਕਰਨਗੇ।

ਮੁੱਖ ਮੰਤਰੀ ਦੀ ਆਮਦ ਨੇ ਗਰੀਬਾਂ ਦੇ ਪੇਟ 'ਤੇ ਮਾਰੀ ਲੱਤ

ਜਗਰਾਉਂ, (ਸੰਜੀਵ ਅਰੋੜਾ) ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਸਿਵਲ ਹਸਪਤਾਲ ਵਿਖੇ ਜੱਚਾ-ਬੱਚਾ ਹਸਪਤਾਲ ਦਾ ਉਦਘਾਟਨ ਕਰਨ ਲਈ ਪਹੁੰਚੇ ਸਨ, ਜਿਨ੍ਹਾਂ ਦੀ ਸਖ਼ਤ ਸੁਰੱਖਿਆ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਕੀਤੀ ਗਈ, ਉਥੇ ਮੇਨ ਚੌਂਕ 'ਚ ਬਣੀਆਂ ਦੁਕਾਨਦਾਰਾਂ ਦੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ ਨੇ ਗ਼ਰੀਬ ਲੋਕਾਂ ਦੀ ਪੇਟ 'ਤੇ ਲੱਤ ਮਾਰ ਦਿੱਤੀ। ਪੁਲਸ ਵੱਲੋਂ ਅੱਜ ਜਬਰੀ ਮੇਨ ਚੌਕ ਦੀਆਂ ਦੁਕਾਨਾਂ ਬੰਦ ਕਰਾਈਆਂ, ਜਿਸ ਦਾ ਦੁਕਾਨਦਾਰਾਂ ਵੱਲੋਂ ਵਿਰੋਧ ਵੀ ਕੀਤਾ ਗਿਆ। ਦੁਕਾਨਦਾਰਾਂ ਨੇ ਕਿਹਾ ਕਿ ਅੱਗੇ ਵੀ ਮੁੱਖ ਮੰਤਰੀ ਆਏ ਹਨ, ਪ੍ਰੰਤੂ ਅਜਿਹਾ ਪਹਿਲੀ ਵਾਰ ਹੋਇਆ ਕਿ ਏਨੀ ਜ਼ਿਆਦਾ ਸਖ਼ਤੀ ਹੈ। ਅਸੀਂ ਰੋਜ਼ਾਨਾ ਕਮਾ ਕੇ ਖਾਣ ਵਾਲੇ ਹਾਂ, ਇਸ ਤਰ੍ਹਾਂ ਨਾਲ ਗਰੀਬ ਲੋਕਾਂ ਦੀ ਪੇਟ 'ਤੇ ਲੱਤ ਵੱਜੀ ਹੈ।

ਅਨਾਜ ਮੰਡੀ 'ਚੋ ਝੋਨੇ ਦੀਆਂ ਬੋਰੀਆਂ ਚੋਰੀ, 2 ਖਿਲਾਫ਼ ਮਾਮਲਾ ਦਰਜ

ਬੁਢਲਾਡਾ (ਅਸ਼ੋਕ ਲਾਕੜਾ) ਦਾਣਾ ਮੰਡੀ ਵਿੱਚ ਝੋਨਾ ਵੇਚਣ ਆਏ ਕਿਸਾਨ ਦੀ ਫਸਲ ਦੀਆਂ ਜੀਰੀ ਦੀਆਂ ਬੋਰੀਆ ਚੋਰੀ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਸਿਟੀ ਪੁਲਿਸ ਵੱਲੋਂ ਕਿਸਾਨ ਮੇਵਾ ਸਿੰਘ ਪੁੱਤਰ ਦਿਲਬਾਰਾ ਸਿੰਘ ਵਾਸੀ ਹਸਨਪੁਰ ਦੇ ਬਿਆਨ 'ਤੇ ਮਾਮਲਾ ਦਰਜ ਕਰ ਲਿਆ।

ਹੌਲਦਾਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਤਫਤੀਸ਼ ਦੌਰਾਨ ਪ੍ਰਦੀਪ ਕੁਮਾਰ ਡੋਲੂ ਤੇ ਉਸਦਾ ਸਾਥੀ ਸਤਿਗੁਰ ਸਿੰਘ ਦੀਪੂ ਬੁਢਲਾਡਾ ਖਿਲਾਫ ਚੋਰੀ ਦਾ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਉਪਰੋਕਤ ਚੋਰੀ ਹੋਏ ਚਾਰ ਗੱਟਿਆਂ ਦੀ ਕੀਮਤ ਤਿੰਨ ਹਜ਼ਾਰ ਰੁਪਏ ਦੱਸੀ ਜਾ ਰਹੀ ਹੈ।

ਯੁਵਕ ਵਿਰਾਸਤੀ ਮੇਲਾ ਮਿੱਠੀਆਂ ਯਾਦਾਂ ਛੱਡਦਾ ਸੰਪੰਨ

ਜਲਾਲਾਬਾਦ, (ਦਹੂਜਾ) ਪੰਬਾਜ ਯੂਨੀਵਰਸਿਟੀ ਚੰਡੀਗੜ੍ਹ ਦੇ ਯੂਥ ਤੇ ਹੈਰੀਟੇਜ ਫੈਸਟੀਵਲ ਜ਼ੋਨ ਸੀ ਦੇ ਕਾਲਜਾਂ ਦਾ ਤਿੰਨ ਦਿਨਾਂ ਯੁਵਕ ਅਤੇ ਵਿਰਾਸਤੀ ਮੇਲਾ ਸ਼ਨੀਵਾਰ ਸੂਰਘੂਰੀ ਰੋਡ 'ਤੇ ਮੌਜੂਦ ਗੁਰੂ ਰਾਮਦਾਸ ਬੀ.ਐੱਡ ਕਾਲਜ 'ਚ

page-6-3-(November)-2022-G-(BV).qxd 11/2/2022 10:26 PM Page 1

ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਵਿਰੁੱਧ ਅਰਥੀ ਫੂਕ ਰੋਸ ਪ੍ਰਦਰਸ਼ਨ

ਦੀਨਾਨਗਰ ਬਲਵਿੰਦਰ ਸਿੰਘ ਬਿੱਲਾ)-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਰਜਿ. 31 ਦੀ ਸੂਬਾ ਵਰਕਿੰਗ ਕਮੇਟੀ ਦੇ ਸੈਸ਼ਨ ਤਹਿਤ ਅੱਜ ਜ਼ਿਲ੍ਹਾ ਗੁਰਦਾਸਪੁਰ ਦੀ ਬਰਾਂਚ ਕਮੇਟੀ ਦੀਨਾਨਗਰ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਖਿਲਾਫ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਹਰਦੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਸੋਸ਼ਲ ਮੀਡੀਆ ਤੇ ਜਲ ਸਪਲਾਈ ਵਿਭਾਗ ਦੇ ਮੰਤਰੀ ਵੱਲੋਂ ਵਿਭਾਗ ਇਕ ਵਰਕਰ ਦੇ ਰੂਪ ਵਿੱਚ ਇਨਲਿਸਟਮੈਂਟ ਪਾਲਸੀ ਅਤੇ ਆਊਟਸੋਰਸ ਅਧੀਨ ਲੱਗੇ ਠੇਕਾ ਮੁਲਾਜ਼ਮਾਂ ਦੀਆਂ ਰੁਕੀਆਂ ਤਨਖਾਹਾਂ 'ਤੇ ਬੇਹੂਦਾ ਬਿਆਨ ਦਿੱਤਾ ਗਿਆ ਹੈ। ਕੀ ਇਹ ਸਾਡੇ ਮੁਲਾਜ਼ਮ ਨਹੀਂ ਹਨ ਜੋ ਇਨਲਿਸਟਮੈਂਟ ਆਊਟਸੋਰਸ ਠੇਕਾ ਕਾਮਿਆਂ ਪ੍ਰਤੀ ਆਪ ਸਰਕਾਰ ਦਾ ਪਹਿਲੀਆਂ ਸਰਕਾਰਾਂ ਨਾਲੋਂ ਵੀ ਬਹੁਤ ਘਟਿਆ ਹੈ। ਪੰਜਾਬ ਵਿਚ ਸੱਤਾ ਹਾਸਿਲ ਕਰਨ ਤੋਂ ਪਹਿਲਾਂ ਆਮ ਲੋਕਾਂ ਦੀ ਹਿਤੈਸ਼ੀ ਹੋਣ ਦਾ ਵਾਅਦਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਮੰਤਰੀ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ ਜਿਸ ਦੀ ਜਥੇਬੰਦੀ ਵੱਲੋਂ ਜ਼ਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਹੋਇਆਂ ਸਾਰੇ ਪੰਜਾਬ ਭਰ ਵਿੱਚ ਪੰਜਾਬ ਸਰਕਾਰ ਦੇ ਮੰਤਰੀ ਅਤੇ ਮੈਨੇਜਮੈਂਟ ਦੇ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੇਂਡੂ ਜਲ ਸਪਲਾਈ ਸਕੀਮਾਂ ਤਹਿਸੀਲ ਦਫਤਰ ਤੋਂ ਬਤੌਰ ਵਰਕਰ ਦੇ ਰੂਪ ਵਿੱਚ ਰੈਗੂਲਰ ਮੁਲਾਜ਼ਮਾਂ ਦੀ ਤਰ੍ਹਾਂ ਤਨਦੇਹੀ ਨਾਲ ਡਿਊਟੀ ਨਿਭਾ ਰਹੇ ਠੇਕਾ ਮੁਲਾਜ਼ਮਾਂ ਨੂੰ ਕਿਰਤ ਕਾਨੂੰਨ ਮੁਤਾਬਿਕ ਤਨਖਾਹ ਅਤੇ ਉਸਦੀ ਅਦਾਏਗੀ ਵੀ ਕੰਟਰੈਕਟ ਮੁਲਾਜ਼ਮਾਂ ਦੇ ਹੈੱਡ ਰਾਹੀਂ ਸਰਕਾਰੀ ਖਜਾਨੇ ਵਿੱਚੋਂ ਹੀ ਕੀਤੀ। ਉਨ੍ਹਾਂ ਕਿਹਾ ਕਿ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਜੋ ਸਰਕਾਰ ਨਾਲ ਮਿਲ ਕੇ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤਾਂ ਦੇ ਰਹੇ ਮਹਿਕਮੇ ਨੂੰ ਨਿੱਜੀ ਹੱਥਾਂ ਵਿੱਚ ਲੈ ਕੇ ਲੋਕਾਂ ਦੀ ਅੰਨ੍ਹੀ ਲੁੱਟ ਕਰਵਾਉਣ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਸਦੇ ਕਾਰਨ ਇਹ ਅਧਿਕਾਰੀ ਠੇਕਾ ਮੁਲਾਜ਼ਮ ਦੇ ਗਲ 'ਚ ਨਕਲੀ ਠੇਕੇਦਾਰ ਹੋਣ ਦਾ ਪਟਾ ਪਾ ਰਹੇ ਹਨ। ਇਨ੍ਹਾਂ ਕਾਮਿਆਂ ਦੇ ਰੈਗੂਲਰ ਕਰਨ ਦੇ ਸਾਰੇ ਅਧਿਕਾਰ ਖੋਹ ਰਹੇ ਹਨ ਕਿਉਂਕਿ ਵਿਭਾਗ ਵਿਚ ਜਿਹੜੀਆਂ ਪੋਸਟਾਂ ਸਨ ਉਹ ਸਾਰੀਆਂ ਪੋਸਟਾਂ ਰੱਦ ਕਰਕੇ ਕਾਰਪੋਰੇਟ ਘਰਾਨੇ ਦੇ ਠੇਕੇਦਾਰਾਂ ਦੇ ਮੁਨਾਫੇ ਦੇ ਅਧਾਰ ਨੂੰ ਸਿਰਜਿਆ ਹੈ। ਹੁਣ ਸਰਕਾਰ ਦੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਅਧਿਕਾਰੀ ਇਸ ਲੀਹ ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਪਾਲਸੀਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਾਂ ਦੇ ਹੱਕ ਵਿਚ ਨਹੀਂ ਹਨ ਉਹ ਪਾਲਸੀਆਂ ਨੂੰ ਰੱਦ ਕੀਤਾ ਜਾਵੇ ਅਤੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਆਉਣ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਦੇ ਮੁਤਾਬਿਕ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਦੇਵੇ।

ਅੰਤ ਵਿਚ ਕਿਹਾ ਕਿ 15 ਅਤੇ 16 ਸਤੰਬਰ ਨੂੰ ਦੋ ਦਿਨ ਦੀ ਛੁੱਟੀ ਕਰਕੇ ਜਲ ਸਪਲਾਈ ਕਾਮਿਆਂ ਵੱਲੋਂ ਡਵੀਜ਼ਨ ਅਤੇ ਸਬ ਡਵੀਜ਼ਨਾਂ ਦੇ ਦਫਤਰਾਂ ਅੱਗੇ ਭਰਪੂਰ ਧਰਨੇ ਦਿੱਤੇ ਜਾਣਗੇ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਇਸ ਮੌਕੇ ਜਨਰਲ ਸਕੱਤਰ ਗੁਰਵਿੰਦਰ ਜੀਤ ਸਿੰਘ, ਇੰਦਰਪ੍ਰੀਤ ਸਿੰਘ ਦੀਪਕ ਕੁਮਾਰ ਗੁਰਮੀਤ ਸਿੰਘ, ਰਜਿੰਦਰ ਸਿੰਘ, ਸਤਵੰਤ ਸਿੰਘ, ਸੋਹਣ ਲਾਲ, ਕੁਲਵਿੰਦਰ ਕੁਮਾਰ, ਲਖਵਿੰਦਰ ਸਿੰਘ, ਗੋਪਾਲ ਸਿੰਘ, ਜੋਗਾ ਸਿੰਘ, ਬੋਧ ਰਾਜ, ਰਾਜੇਸ਼ ਕੁਮਾਰ, ਮੰਗਤ ਰਾਮ, ਕੁਮਾਰ ਰਾਜ ਕੁਮਾਰ ਆਦਿ ਹਾਜ਼ਰ ਸਨ।

ਬੰਗੜ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 5 ਨੂੰ

ਕਿਸ਼ਨਗੜ੍ਹ (ਜਸਪ੍ਰੀਤ ਕੁਮਾਰ)-ਬੰਗੜ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 5 ਨਵੰਬਰ ਦਿਨ ਸ਼ਨੀਵਾਰ ਨੂੰ ਡੇਰਾ ਬਾਬਾ ਜਸਦੇਵ ਜੀ ਜਠੇਰੇ ਬੰਗੜਾਂ ਦੇ ਪਾਸਲਾ ਵਿਖੇ ਸਮੁੱਚੀਆਂ ਸੰਗਤਾਂ ਅਤੇ ਬੰਗੜ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਸਭਾ ਪ੍ਰਧਾਨ ਲੇਖ ਰਾਜ ਬੰਗੜ ਜਮਾਲਪੁਰ ਫਗਵਾੜਾ, ਵਾਈਸ ਪ੍ਰਧਾਨ ਹਰਬੰਸ ਲਾਲ ਤਲਵਣ ,ਜਨਰਲ ਸੈਕਟਰੀ ਮੇਹਰ ਚੰਦ ਬੰਗੜ ਪਾਸਲਾ ,ਕੈਸ਼ੀਅਰ ਗਿਰਧਾਰੀ ਲਾਲ ਬੰਗੜ ਪਾਸਲਾ, ਮੁੱਖ ਪ੍ਰਬੰਧਕ ਲੰਗਰ ਅਮਰਜੀਤ ਪਾਸਲਾ ਨੇ ਸਾਂਝੇ ਰੂਪ ਵਿਚ ਜਾਣਕਾਰੀ ਦਿੰਦੇ ਦੱਸਿਆ ਕਿ 3 ਨਵੰਬਰ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ 11 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਮਿਤੀ 5 ਨਵੰਬਰ ਦਿਨ ਸ਼ਨੀਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ 10 ਵਜੇ ਪਾਏ ਜਾਣਗੇ, 11 ਵਜੇ ਕੀਰਤਨ ਹੋਵੇਗਾ ਅਤੇ 11:30 ਵਜੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਮੰਨੇ ਪ੍ਰਮੰਨੇ ਗਾਇਕ ਫ਼ਿਰੋਜ਼ ਖ਼ਾਨ , ਮਲਕੀਤ ਗਿੱਲ ,ਅੰਜੂ ਮਾਨ ,ਵਿੱਕੀ ਬਹਾਦਰਕੇ ਆਪਣੀ ਗਾਇਕੀ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

ਸਮੂਹ ਪ੍ਰਬੰਧਕ ਕਮੇਟੀ ਬੰਗੜ ਸਭਾ ਪਾਸਲਾ ਪੰਜਾਬ ਵੱਲੋਂ ਮੇਲੇ ਦੀਆਂ ਤਿਆਰੀਆਂ ਸਬੰਧੀ ਜੰਗੀ ਪੱਧਰ 'ਤੇ ਤਿਆਰੀਆਂ ਆਰੰਭੀਆਂ ਗਈਆਂ ਹਨ। ਮੇਲੇ ਵਿੱਚ ਸੰਗਤ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।!!

PUBLIC NOTICE

Under the instruction of POONAWALA HOUSING FINANCE LIMITED. I hereby informed the general public that Arun Maitay s/o Ashwani Maitay & Rinku Maitay w/o Arun Maitay are absolute owner of Property One House No. 255, 269/11, 249/11, 444 old and New Khana Shumari No. 394/11, Total measuring 42 Square Yards, which is situated at Amritsar Katra Bagh Singh Gali Lamba Kucha Sonia, Tehsil & District Amritsar. Arun Maitay s/o Ashwani Maitay & Rinku Maitay w/o Arun maitay are taking loan on said property from POONAWALA HOUSING FINANCE LIMITED Plot No. 3, Above SBI Bank, Lawrence Road, Amritsar. Arun Maitay s/o Ashwani Maitay & Rinku Maitay w/o Arun Maitay i.e. 1. Original sale deed of Sawran Kanta w/o Hari Ram Joshi regd dated 19.04-2000 as doc no. 547. 2. Original GPA executed by Rajinder Joshi s/o Hari Ram Joshi, Ramesh Joshi s/o Hari Ram, Renu Joshi @ Mamta Sharma d/o Hari Ram Joshi in favour of Pinky Joshi w/o Hemant Joshi vide GPA regd dated 17.08.2012 as doc no. 2861. A Missing Article receipt dt. 2.11.2022 Sr No. 284602/2022 has also been got registered in this respect. Anybody having claim or claiming any prior rights or interest in any manner in this property or has raised loan by depositing the aforesaid Sale Deed to any person/bank/corporation/financial institution may approach the undersigned and may submit objections in writing within 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent, and baseless claim and shall have no value in the eyes of law. It shall also be deemed that nobody has any objection for mortgaging the aforesaid property with Poonawala Housing Finance Limited.

Vikas Verma (Advocate)
House No. 264 Basant Avenue,
Near I.M.A. House, Amritsar. Ph. : 9815156302

ਬਾ-ਅਦਾਲਤ ਸ੍ਰੀ ਕੁਲਵੰਤ ਸਿੰਘ ਸਿੱਧੂ
ਸਬ ਰਜਿਸਟਰਾਰ ਜਲੰਧਰ-1
(ਅਖਬਾਰ ਇਸ਼ਤਿਹਾਰ)

ਵਿਸ਼ਾ: ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰ ਕਰਨ ਬਾਰੇ। ਦਰਖਾਸਤ ਵੱਲੋਂ ਸ੍ਰੀ ਸੁਖਦੀਪ ਸਿੰਘ ਪਰਮਾਰ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸ੍ਰੀ ਸੁਖਦੀਪ ਸਿੰਘ ਪਰਮਾਰ ਪੁੱਤਰ ਸ੍ਰੀ ਮੋਹਨ ਸਿੰਘ ਪਰਮਾਰ ਵਾਸੀ ਸਾਹਮਣੇ ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਸਾਹਿਲ ਐਵੀਨਿਊ ਲੱਧ�ੇਵਾਲੀ ਤਹਿਸੀਲ ਵਾ ਜਿਲ੍ਹਾ ਜਲੰਧਰ ਨੇ ਨਿਮਨ ਹਸਤਾਖਰ ਦੇ ਪੇਸ਼ ਹੋ ਕਿ ਦਰਖਾਸਤ ਦਿੱਤੀ ਹੈ ਕਿ ਉਸ ਦੀ ਮਾਤਾ ਸ੍ਰੀਮਤੀ ਕੁਲਵਿੰਦਰ ਕੌਰ ਪਰਮਾਰ ਦੀ ਮੌਤ ਮਿਤੀ 22/07/2022 ਨੂੰ ਹੋ ਚੁੱਕੀ ਹੈ। ਉਨ੍ਹਾ ਨੇ ਆਪਣੀ ਮੌਤ ਤੋ ਪਹਿਲਾ ਮਿਤੀ 06/04/2011 ਨੂੰ ਇਕ ਅਣ ਰਜਿਸਟਰਡ ਵਸੀਅਤ ਉਸਦੇ ਹੱਕ ਵਿਚ ਕੀਤੀ ਸੀ। ਉਸ ਨੇ ਇਹ ਵਸੀਅਤ ਅੰਡਰ ਸੈਕਸ਼ਨ 40 ਅਧੀਨ ਰਜਿਸਟਰਡ ਕੀਤੀ ਜਾਣ ਦੀ ਬੇਨਤੀ ਕੀਤੀ ਹੈ। ਇਹ ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ, ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਅਸਾਲਤਨ ਜਾਂ ਵਕਾਲਤਨ ਜਾਂ ਬਜਰਿਆ ਮੁਖਤਿਆਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਹਾਜਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਸਬੰਧੀ ਅਗਲੀ ਕਾਰਵਾਈ ਆਰੰਭੀ ਜਾਵੇਗੀ।

ਨੰਬਰ1134/ਆਰ. ਸੀ/ ਮਿਤੀ 31-10-2022

ਸਬ-ਰਜਿਸਟਰਾਰ, ਜਲੰਧਰ-1

ECLGS WCTL

DEVINDER KUMAR GUPTA, ADVOCATE
SOLE ARBITRATOR, CHAMBER NO. 243, NEW COURTS, JALANDHAR
CAPITAL SMALL FINANCE BANK VS. **DEEPAK SACHDEVA AND ANR.**

To

1. Deepak Sachdeva Son of Sh. Om Parkash, Prop. M/s Sachdeva Electrical, Near Raj Surgical, Opp. Bibrian Mandir, SCO-03, T.B Hospital Road, Patiala. **Also at** Lahori Gate, Patiala Near Raj Surgical, Opp. Bibrian Mandir, TB Hospital Road, Patiala.

2. Neelu Sachdeva Wife of Deepak Sachdeva, Resident of H. No. 240/1, Near B Tank Sukhdaspura , Patiala

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.

Give Under My Hand on 27.10.2022

DEVINDER KUMAR GUPTA
SOLE ARBITRATOR

ODT

DEVINDER KUMAR GUPTA, ADVOCATE
SOLE ARBITRATOR, CHAMBER NO. 243, NEW COURTS, JALANDHAR
CAPITAL SMALL FINANCE BANK VS. **DEEPAK SACHDEVA AND ANR.**

To

1. Deepak Sachdeva Son of Sh. Om Parkash, Prop. M/s Sachdeva Electrical, Near Raj Surgical, Opp. Bibrian Mandir, SCO-03, T.B Hospital Road, Patiala. **Also at** Lahori Gate, Patiala, Near Raj Surgical, Opp. Bibrian Mandir, TB Hospital Road, Patiala.

2. Neelu Sachdeva Wife of Deepak Sachdeva, Resident of H. No. 240/1, Near B Tank Sukhdaspura , Patiala.

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.

Give Under My Hand on 27.10.2022

DEVINDER KUMAR GUPTA
SOLE ARBITRATOR

DEVINDER KUMAR GUPTA, ADVOCATE
SOLE ARBITRATOR, CHAMBER NO. 243, NEW COURTS, JALANDHAR
CAPITAL SMALL FINANCE BANK VS. **DEEPAK SACHDEVA AND ANR.**

To

1. Deepak Sachdeva Son of Sh. Om Parkash, Prop. M/s Sachdeva Electrical, Near Raj Surgical, Opp. Bibrian Mandir, SCO-03, T.B Hospital Road, Patiala.

2. Neelu Sachdeva Wife of Deepak Sachdeva, Resident of H. No. 240/1, Near B Tank Sukhdaspura , Patiala.

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.

Give Under My Hand on 27.10.2022

DEVINDER KUMAR GUPTA
SOLE ARBITRATOR

DEVINDER KUMAR GUPTA, ADVOCATE
SOLE ARBITRATOR, CHAMBER NO. 243, NEW COURTS, JALANDHAR
CAPITAL SMALL FINANCE BANK VS. **NEELU SACHDEVA AND ORS.**

To

1. Neelu Sachdeva Wife of Sh. Deepak Sachdeva, Resident of H. No. 240/1, Near B Tank, Sukhdaspura, Patiala.

2. Deepak Sachdeva Son of Sh. Om Parkash, Resident of H. No. 240/1, Near B Tank , Sukhdaspura, Patiala.

Also at : # 25, Near 33 Feet Road , S.S.T. Nagar, Patiala.

3. Vikash Sachdeva Son Sh. Om Parkash, Resident of H. No.1588/1 Old Gadda Khana, Near Playway School, Patiala.

In above Captioned arbitral reference, notices were issued to you vide registered post, to appear before the undersigned, either personality or through counsel to answer the claim by bank but you did not put in appearance before the undersigned from which it is determined that you are deliberately and willfully not appearing before the undersigned. However, in order to give another opportunity, you are hereby directed to appear before the undersigned, in persons or through counsel on 03.12.2022 at 2 PM in Chamber No. 243, New Courts Jalandhar. Take notice that, in default of your appearance on that day, case will heard and determined exparte.

Give Under My Hand on 27.10.2022

DEVINDER KUMAR GUPTA
SOLE ARBITRATOR

Capital Small Finance Bank Ltd.

H.O. : MIDAS Corporate Park, 3rd Floor, 37, G.T. Road, Jalandhar-144001

ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸਾਂ 'ਚ ਬੈਂਕ ਵੱਲੋਂ 19.11.2022 ਨੂੰ ਨਿਲਾਮੀ ਕਰਵਾਈ ਜਾਵੇਗੀ।

ਖਾਤੇ ਦਾ ਨਾਂਅ	ਮੈਸ : ਅਨਮੋਲ ਟਰੈਕਟਰ ਨਕੋਦਰ ਰੋਡ, ਜਲੰਧਰ ਰਾਹੀਂ ਇਸ ਦੇ ਭਾਈਵਾਲਾਂ : (1) ਪ੍ਰਦੀਪ ਸਿਘ ਪੁੱਤਰ ਜਸਵੀਰ ਸਿਘ, ਵਾਸੀ ਮਕਾਨ ਨੰ. 38, ਪਿੰਡ ਸੁਭਾਨਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (2) ਮਨਦੀਪ ਕੌਰ ਪਤਨੀ ਪ੍ਰਦੀਪ ਸਿਘ, ਵਾਸੀ ਮਕਾਨ ਨੰ. 38, ਪਿੰਡ ਸੁਭਾਨਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ
ਬੀ ਐੱਲ ਜੀ ਸੀ ਆਰ ਈ ਵੀ-027631000001 'ਚ 31-10-2022 ਨੂੰ ਬਕਾਇਆ ਰਕਮ	**Rs. 42,86,257/-** ਅਤੇ (01-11-2022) ਤੋਂ ਭਵਿੱਖੀ ਵਿਆਜ
ਬੀ ਐੱਲ ਜੀ ਸੀ ਆਰ ਈ ਵੀ-027631000001 'ਚ ਗਹਿਣੇ ਪਈ ਜਾਇਦਾਦ ਦਾ ਵੇਰਵਾ	ਅਚੱਲ ਜਾਇਦਾਦ ਨੰ. 4, ਰਕਬਾ, 210 ਵਰਗ ਫੁੱਟ, ਮਿੱਠਾਪੁਰ, ਕੈਂਟ ਰੋਡ, ਜਲੰਧਰ ਵਿਕਰੀ ਬੈਨਾਮਾ 5638 ਮਿਤੀ 18-09-2006 ਅਨੁਸਾਰ ਪ੍ਰਦੀਪ ਸਿਘ ਪੁੱਤਰ ਜਸਵੀਰ ਸਿਘ ਦੀ ਮਲਕੀਅਤ
ਰਾਖਵੀਂ ਕੀਮਤ	**Rs. 6,00,000/-**
ਈ ਐਮ ਡੀ (ਬਿਆਨਾ ਰਕਮ)	ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ, ਡਿਮਾਂਡ ਡਰਾਫਟ ਰਾਹੀਂ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਜਲੰਧਰ ਵਿਖੇ ਅਦਾਇਗੀਯੋਗ। ਟੈਂਡਰ ਫਾਰਮ ਈ ਐੱਸ ਡੀ ਆਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ 37 ਜੀ ਟੀ ਰੋਡ ਜਲੰਧਰ ਨੂੰ ਭੇਜੇ ਜਾਣ

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਵੇਚੀ ਜਾ ਰਹੀ ਹੈ। ਟੈਂਡਰ 25 ਫੀਸਦੀ ਈ ਐੱਮ ਡੀ, ਕੈਪੀਟਲ ਸਮਾਲ ਬੈਂਕ ਫਾਇਨਾਂਸ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 19.11.2022 ਨੂੰ ਸਵੇਰੇ 11.00 ਵਜੇ ਤੱਕ। ਟੈਂਡਰ ਉਕਤ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਪੇਸ਼ ਕਰਤਾਵਾਂ/ਉਹਨਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਮੁੱਖ ਦਫ਼ਤਰ ਮਿਡਾਸ, ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਤੇ ਵਿਚਾਰੇ ਜਾਣਗੇ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਸਮੇਤ ਟੈਂਡਰ ਫਾਰਮ ਅਤੇ ਜਾਇਦਾਦ ਦੇ ਨਿਰੀਖਣ ਲਈ ਕ੍ਰਿਪਾ ਕਰਕੇ ਬ੍ਰਾਂਚ ਦਫਤਰ ਆਦਮਪੁਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਸ਼ਨ ਆਫ ਫਾਈਨੈਂਸ਼ੀਅਲ ਐੱਸਟ

3-NOV-PAGE-7.qxd 11/2/2022 10:23 PM Page 1

ਦਾਣਾ ਮੰਡੀ 'ਚ ਫੜੇ ਕੁੰਡੀ 'ਤੇ ਚੱਲਦੇ ਪੱਖੇ, ਮੌਕੇ 'ਤੇ ਜ਼ਬਤ ਕੀਤੀਆਂ ਤਾਰਾਂ

ਬਰਨਾਲਾ, (ਰਜਿੰਦਰ ਸਿੰਘ ਬਰਾੜ) ਦਾਣਾ ਮੰਡੀ 'ਚ ਭਗਦੜ ਮੱਚ ਗਈ ਜਦੋਂ ਪਾਵਰਕਾਮ ਦੇ ਅਧਿਕਾਰੀਆਂ ਨੇ ਚੁੱਪ ਚਪੀਤੇ ਰੇਡ ਕੀਤੀ ਅਤੇ ਟਰਾਂਸਫਾਰਮਰ ਤੋਂ ਸਿੱਧੀਆਂ ਲਾਈਆਂ ਕੁੰਡੀਆਂ ਫੜ ਲਈਆਂ, ਜਿਨ੍ਹਾਂ ਰਾਹੀਂ ਕੁੱਝ ਆੜ੍ਹਤੀਆਂ/ਠੇਕੇਦਾਰਾਂ ਵੱਲੋਂ ਲੁਕਵੇਂ ਢੰਗ ਨਾਲ ਜੀਰੀ ਨੂੰ ਸਾਫ਼ ਕਰਨ ਲਈ ਲਾਏ ਗਏ ਪੱਖੇ ਚਲਾਏ ਜਾ ਰਹੇ ਸਨ। ਮੌਕੇ 'ਤੇ ਹੀ ਅਧਿਕਾਰੀਆਂ ਵੱਲੋਂ ਪੱਖਿਆਂ ਨੂੰ ਲਾਈਆਂ ਬਿਜਲੀ ਤਾਰਾਂ ਜ਼ਬਤ ਕਰ ਲਈਆਂ। ਪਾਵਰਕਾਮ ਦੇ ਐਸਡੀਓ ਦਿਹਾਤੀ ਪ੍ਰਦੀਪ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਜ਼ਿਲ੍ਹਾ ਬਰਨਾਲਾ ਦੀ ਮੁੱਖ ਦਾਣਾ ਮੰਡੀ ਵਿਖੇ ਕੁੱਝ ਵਿਅਕਤੀਆਂ ਵੱਲੋਂ ਟਰਾਂਸਫਾਰਮਰ ਤੋਂ ਸਿੱਧੀਆਂ ਤਾਰਾਂ ਲਾ ਕੇ ਝੋਨੇ ਦੀ ਸਾਫ਼ ਸਫ਼ਾਈ ਕੀਤੀ ਜਾ ਰਹੀ ਹੈ। ਜਦ ਉਨ੍ਹਾਂ ਵੱਲੋਂ ਕੁੱਝ ਮੁਲਾਜ਼ਮਾਂ ਨੂੰ ਨਾਲ ਲੈ ਕੇ ਦਾਣਾ ਮੰਡੀ 'ਚ ਮੌਕਾ ਦੇਖਿਆ ਤਾਂ ਪਾਇਆ ਗਿਆ ਕਿ ਜੀਰੀ ਦੀ ਸਫ਼ਾਈ ਕਰ ਰਹੇ ਪੱਖੇ ਉਨ੍ਹਾਂ ਤਾਰਾਂ ਰਾਹੀਂ ਬਿਜਲੀ ਚੋਰੀ ਕਰਕੇ ਚਲਾਏ ਜਾ ਰਹੇ ਸਨ। ਪਰ ਉਨ੍ਹਾਂ ਵੱਲੋਂ ਮੌਕੇ ਪਰ ਹੀ ਤਾਰਾਂ ਨੂੰ ਜ਼ਬਤ ਕਰ ਲਿਆ ਗਿਆ ਤੇ ਜਲਦ ਹੀ ਚੋਰੀ ਕਰਨ ਵਾਲਿਆਂ ਦੀ ਸਨਾਖ਼ਤ ਕਰਕੇ ਉਨ੍ਹਾਂ ਉੱਪਰ ਬਣਦੀ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਣਦੇ ਜੁਰਮਾਨੇ ਵੀ ਵਸੂਲੇ ਜਾਣਗੇ। ਜ਼ਿਕਰਯੋਗ ਹੈ ਕਿ ਐਸਡੀਓ ਪ੍ਰਦੀਪ ਸ਼ਰਮਾ ਵੱਲੋਂ ਮੌਕੇ 'ਤੇ ਹੀ ਚੋਰੀ ਦੀ ਬਿਜਲੀ ਨਾਲ 3 ਪੱਖੇ ਫੜੇ ਜਾਣ ਦਾ ਦਾਅਵਾ ਕੀਤਾ। ਨਾਲ ਹੀ ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਝੋਨੇ ਦੇ ਸੀਜ਼ਨ ਨੂੰ ਦੇਖਦਿਆਂ ਸਾਰੇ ਹੀ ਆੜ੍ਹਤੀਆਂ ਜਾਂ ਠੇਕੇਦਾਰਾਂ ਨੂੰ ਆਰਜੀ ਮੀਟਰਾਂ ਰਾਹੀਂ ਬਿਜਲੀ ਸਪਲਾਈ ਲੈਣ ਲਈ ਕਿਹਾ ਗਿਆ ਸੀ, ਜਿਨ੍ਹਾਂ 'ਚ ਬਹੁਤਿਆਂ ਵੱਲੋਂ ਆਰਜ਼ੀ ਮੀਟਰ ਲਵਾਏ ਵੀ ਜਾ ਚੁੱਕੇ ਹਨ। ਜਦਕਿ ਕੁੱਝ ਕੁ ਵਿਭਾਗ ਨੂੰ ਅਣਦੇਖਿਆ ਕਰਕੇ ਬਿਜਲੀ ਚੋਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਫ਼ਿਰ ਵੀ ਕਿਸੇ ਵਿਅਕਤੀ ਨੂੰ ਆਰਜੀ ਮੀਟਰ ਦੀ ਲੋੜ ਹੈ ਤਾਂ ਉਹ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ। ਨਹੀਂ ਤਾਂ ਚੋਰੀ ਕਰਨ ਵਾਲੇ ਵਿਅਕਤੀਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

ਬਿਨਾਂ ਮਨਜ਼ੂਰੀ ਤੋਂ ਵਣ ਵਿਭਾਗ ਦੇ ਅਧਿਕਾਰੀ ਕਢਵਾ ਰਹੇ ਹਨ ਬਿਜਲੀ ਦੀ ਲਾਈਨ

ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ) ਪੰਜਾਬ ਸਰਕਾਰ ਤੇ ਵਾਤਾਵਰਨ ਪ੍ਰੇਮੀ ਹਮੇਸ਼ਾ ਹਰੇ ਭਰੇ ਦਰੱਖਤਾਂ ਦੀ ਸਾਂਭ-ਸੰਭਾਲ ਕਰਨ ਦੀ ਦੁਹਾਈ ਦਿੰਦੇ ਰਹਿੰਦੇ ਹਨ, ਪਰ ਕੁਝ ਸਰਕਾਰੀ ਵਿਭਾਗਾਂ ਦੇ ਮੁਲਜ਼ਮ ਆਪਣੇ ਹੀ ਨਿੱਘੇ ਫਾਇਦਿਆਂ ਖਾਤਰ ਆਪਣੇ ਫ਼ਰਜ਼ਾਂ ਨੂੰ ਛਿੱਕੇ ਟੰਗ ਕੇ ਸੈਂਕੜੇ ਹਰੇ ਭਰੇ ਦਰੱਖਤਾਂ ਦਾ ਨੁਕਸਾਨ ਕਰਨ ਲੱਗੇ ਹੋਏ ਹਨ। ਇਸ ਦੀ ਤਾਜ਼ਾ ਮਿਸਾਲ ਖੰਨਾ ਤੋਂ ਸਮਰਾਲਾ ਰੋਡ ਨੂੰ ਉੱਪਰ ਲੱਗੇ ਰਿਲਾਇੰਸ ਪੰਪ ਤੋਂ ਪਿੰਡ ਕਲਾਲਮਾਜਰਾ ਵੱਲ ਨੂੰ ਸੜਕ ਦੇ ਨਾਲ ਨਾਲ ਵਣ ਵਿਭਾਗ ਦੀ ਜ਼ਮੀਨ ਹੈ, ਜਿਸ ਉੱਪਰ ਬਹੁਤ ਜ਼ਿਆਦਾ ਹਰੇ ਭਰੇ ਦਰੱਖਤ ਖੜ੍ਹੇ ਹਨ।

ਵਣ ਵਿਭਾਗ ਦੀ ਜ਼ਮੀਨ ਉੱਪਰ ਬਿਜਲੀ ਬੋਰਡ ਪਾਵਰਕਾਮ ਬੀਜਾਂ ਦੇ ਮੁਲਾਜ਼ਮ ਪ੍ਰਾਈਵੇਟ ਠੇਕੇਦਾਰਾਂ ਕੋਲੋਂ ਇਕ ਬਿਜਲੀ ਦੀ ਨਵੀਂ ਲਾਈਨ ਕਢਵਾ ਰਹੇ ਹਨ। ਇਸ ਲੈਣ ਲਈ ਲੱਗ ਰਹੇ ਖੰਭਿਆਂ ਦੇ ਖੜੇ ਦਰੱਖਤਾਂ ਦੀਆਂ ਜੜ੍ਹਾਂ ਦੇ ਬਿਲਕੁਲ ਨਾਲ ਹਨ। ਇਹ ਦਰੱਖਤ ਥੋੜ੍ਹੀ ਜਿਹੀ ਚੱਲੀ ਹਨ੍ਹੇਰੀ ਕਾਰਨ ਵੀ ਗਿਰ ਸਕਦੇ ਹਨ।

ਵਾਤਾਵਰਣ ਪ੍ਰੇਮੀ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਪੰਜਾਬ ਸਰਕਾਰ ਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਨ੍ਹਾਂ ਦਰੱਖਤਾਂ ਦੀ ਰੱਖਿਆ ਕਰਨ ਵਾਲੇ ਸਰਕਾਰੀ ਮੁਲਾਜ਼ਮ ਆਪਣੇ ਵਿਭਾਗ ਦੇ ਹਰੇ-ਭਰੇ ਦਰੱਖਤਾਂ ਦਾ ਨੁਕਸਾਨ ਕਰ ਰਹੇ ਹਨ।

ਬਿਜਲੀ ਬੋਰਡ ਦੇ ਜੇਈ ਦਵਿੰਦਰ ਚੌਧਰੀ ਦਾ ਕਹਿਣਾ ਹੈ ਕਿ ਸਾਡੇ ਕੋਲ ਕੋਈ ਮਨਜ਼ੂਰੀ ਨਹੀਂ ਹੈ। ਐੱਸ ਡੀ ਓ ਪਾਵਰਕਾਮ ਬੀਜਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੈਂ ਇਸ ਸਮੇਂ ਛੁੱਟੀ 'ਤੇ ਹਾਂ, ਨਿਕਲ ਰਹੀ ਬਿਜਲੀ ਬੋਰਡ ਦੀ ਲਾਈਨ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ। ਜਦੋਂ ਮੈਂ ਵਾਪਸ ਜੁਆਇਨ ਕਰੂੰਗਾ ਤਾਂ ਇਸ ਦੀ ਚੈਕਿੰਗ ਕਰਾਂਗਾ।

ਇਸ ਸੰਬੰਧੀ ਰੇਂਜ ਅਫਸਰ ਸੁਖਪਾਲ ਸਿੰਘ ਨਾਲ ਗੱਲ ਕਹੀ ਤਾਂ ਉਨ੍ਹਾਂ ਕਿਹਾ ਕਿ ਬਿਜਲੀ ਵਿਭਾਗ ਵੱਲੋਂ ਸਾਡੇ ਵਿਭਾਗ ਤੋਂ ਮਨਜ਼ੂਰੀ ਲੈ ਲਈ ਹੈ। ਜਦੋਂ ਰੇਂਜ ਅਫਸਰ ਤੋਂ ਮਨਜ਼ੂਰੀ ਸਬੰਧੀ ਕੋਈ ਕਾਪੀ ਦੀ ਮੰਗ ਕੀਤੀ ਗਈ ਤਾਂ ਉਹ ਮਨਜ਼ੂਰੀ ਸੰਬੰਧੀ ਕੋਈ ਕਾਪੀ ਨਹੀਂ ਦਿਖਾ ਸਕੇ।

ਪੰਜਾਬ ਸਟੇਟ ਨੋ ਤੰਬਾਕੂ ਦਿਵਸ ਮੌਕੇ ਜਾਗਰੂਕਤਾ ਸਮਾਗਮ

ਬਰੇਟਾ (ਗੀਤਵਾਲ) ਸਿਵਲ ਸਰਜਨ ਮਾਨਸਾ ਡਾ. ਹਰਿੰਦਰ ਕੁਮਾਰ ਸ਼ਰਮਾ ਤੇ ਸੀਨੀਅਰ ਮੈਡੀਕਲ ਅਫਸਰ ਬੁਢਲਾਡਾ ਡਾ. ਗੁਰਚੇਤਨ ਪ੍ਰਕਾਸ਼ ਦੀਆਂ ਹਦਾਇਤਾਂ ਅਨੁਸਾਰ ਬਰੇਟਾ ਏਰੀਆ ਦੀਆਂ ਸਿਹਤ ਸੰਸਥਾਵਾਂ ਵਿਚ ਪੰਜਾਬ ਸਟੇਟ ਨੋ ਤੰਬਾਕੂ ਦਿਵਸ ਮਨਾਇਆ ਗਿਆ। ਪਿੰਡ ਭਾਵਾ ਵਿਖੇ ਮੈਡੀਕਲ ਅਫਸਰ ਡਾ. ਗੌਤਮ ਨੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਭਾਰਤ ਵਿੱਚ ਹਰ ਰੋਜ਼ 3500 ਲੋਕ ਤੰਬਾਕੂ ਨਾਲ ਹੋਣ ਵਾਲੀਆਂ ਬਿਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਖਾਣ ਨਾਲ 90 ਪ੍ਰਤੀਸ਼ਤ ਮੂੰਹ ਦਾ ਕੈਂਸਰ ਹੁੰਦਾ ਹੈ। ਇਸ ਤੋਂ ਇਲਾਵਾ ਕੈਂਸਰ, ਦਿਲ ਤੇ ਫੇਫੜਿਆਂ ਨਾਲ ਸੰਬੰਧਤ ਬਿਮਾਰੀਆਂ ਦਾ ਮੁੱਖ ਕਾਰਨ ਵੀ ਤੰਬਾਕੂ ਹੀ ਹੈ। ਉਨ੍ਹਾਂ ਤੰਬਾਕੂ ਦੇ ਕਾਰਨ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਦਿੰਦੇ ਹੋਏ ਇਸ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ। ਸਿਹਤ ਸੁਪਰਵਾਇਜ਼ਰ ਸਮਸ਼ੇਰ ਸਿੰਘ ਨੇ ਤੰਬਾਕੂ ਕੰਟਰੋਲ ਐਕਟ 2003 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਜਨਤਕ ਥਾਵਾਂ 'ਤੇ ਤੰਬਾਕੂਨੋਸ਼ੀ, ਸਿਗਰਟ ਤੇ ਹੋਰ ਤੰਬਾਕੂ ਉਤਪਾਦਾਂ ਦੀ ਵਰਤੋਂ ਕਰਨ, ਸਿੱਧੇ ਤੇ ਅਸਿੱਧੇ ਤੌਰ 'ਤੇ ਇਸ਼ਤਿਹਾਰਬਾਜੀ ਕਰਨ, 18 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ ਨੂੰ ਸਿਗਰਟ ਜਾਂ ਹੋਰ ਉਤਪਾਦ ਵੇਚਣ, ਕਿਸੇ ਸਿੱਖਿਆ ਅਦਾਰੇ ਦੀ ਬਾਹਰਲੀ ਦੀਵਾਰ ਤੋਂ ਸੌ ਗਜ ਦੇ ਘੇਰੇ 'ਚ ਸਿਗਰਟ ਜਾਂ ਹੋਰ ਤੰਬਾਕੂ ਉਤਪਾਦਾਂ ਦਾ ਸੇਵਨ ਤੇ ਵਿਕਰੀ ਕਰਨ ਦੀ ਮਨਾਹੀ ਹੈ।

ਇਸ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੱਟੇ ਜਾਂਦੇ ਹਨ। ਇਸ ਮੌਕੇ ਤੰਬਾਕੂ ਦੀ ਵਰਤੋਂ ਨਾ ਕਰਨ ਦੀ ਸੰਹੁ ਵੀ ਚੁਕਾਈ ਗਈ। ਪਿੰਡ ਖੱਤਰੀਵਾਲਾ ਵਿਖੇ ਜਗਦੀਸ਼ ਕੁਲਰੀਆਂ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਤੰਬਾਕੂ ਦੀ ਵਰਤੋਂ ਕਾਰਨ ਹੋਣ ਵਾਲੇ ਨੁਕਸਾਨ ਤੇ ਡੇਂਗੂ/ਮਲੇਰੀਆਂ ਤੋਂ ਬਚਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਹਤ ਕ੍ਰਮਚਾਰੀ ਮਨੋਜ ਕੁਮਾਰ, ਹਰਪ੍ਰੀਤ ਸਿੰਘ, ਬੂਟਾ ਸਿੰਘ, ਰਾਧੇਸ਼ਿਆਮ, ਮਨਪ੍ਰੀਤ ਕੌਰ, ਜਸਵਿੰਦਰ ਸਿੰਘ ਤੇ ਆਸ਼ਾ ਵਰਕਰਜ਼ ਵੀ ਹਾਜ਼ਰ ਸਨ।

ਕਾਤਰਾਂ

ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਨੂੰ ਮਿਲਿਆ ਵਧੀਆ ਸਕੂਲ ਦਾ ਐਵਾਰਡ

ਭੀਖੀ, (ਧਰਮਵੀਰ ਸ਼ਰਮਾ) ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਤੇ ਸਕੂਲ ਮੁਖੀਆਂ ਦੀ ਵਧੀਆ ਕਾਰਗੁਜ਼ਾਰੀ ਲਈ ਐਵਾਰਡ ਵੰਡ ਸਮਾਰੋਹ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਆਯੋਜਤ ਕੀਤਾ ਗਿਆ, ਜਿਸ ਵਿੱਚ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ, ਸੀਨੀ.ਸੈਕੰ. ਭੀਖੀ ਸਕੂਲ ਨੂੰ 'ਘੱਟ ਬਜਟ ਵਿੱਚ ਿਆਦਾ ਸੁਵਿਧਾਵਾ' ਕੈਟਾਗਿਰੀ ਵਿੱਚ ਬੈਸਟ ਸਕੂਲ ਦਾ ਐਵਾਰਡ ਮਿਲਿਆ ਅਤੇ ਨਾਲ ਹੀ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੂੰ ਡਾਇਨਾਮਿਕ ਪ੍ਰਿੰਸੀਪਲ ਵਜੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕੀ ਕਮੇਟੀ ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਮਾ. ਅੰਮ੍ਰਿਤਲਾਲ ਤੇ ਸਮੂਹ ਕਮੇਟੀ ਮੈਂਬਰਾਂ ਨੇ ਵਧਾਈ ਦਿੱਤੀ।

ਜ਼ੋਨਲ ਪੱਧਰੀ ਕ੍ਰਿਕਟ ਟੂਰਨਾਮੈਂਟ 'ਚ ਡੀ.ਏ.ਵੀ. ਕਾਲਜ ਦੀ ਟੀਮ ਜੇਤੂ

ਮਲੋਟ, (ਗੁਰਮੀਤ ਸਿੰਘ ਮੱਕੜ) : ਸਥਾਨਕ ਡੀ.ਏ.ਵੀ. ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਹੇਠ ਲੜਕਿਆਂ ਦੀ ਕ੍ਰਿਕਟ ਟੀਮ ਨੇ ਐੱਨ.ਪੀ.ਐੱਸ. ਸ਼੍ਰੀ ਮੁਕਤਸਰ ਸਾਹਿਬ ਵਿਖੇ ਹੋਏ ਜ਼ੋਨਲ ਪੱਧਰੀ ਕ੍ਰਿਕਟ ਟੂਰਨਾਮੈਂਟ ਵਿੱਚ ਸਰਕਾਰੀ ਕਾਲਜ, ਮੁਕਤਸਰ ਦੀ ਟੀਮ ਨੂੰ 20 ਓਵਰ ਦੇ ਮੈਚ ਵਿੱਚ ਕੋਟੇ ਤੋਂ ਪਹਿਲਾਂ ਹੀ 118 ਰਨ ਦਾ ਟੀਚਾ ਪੂਰਾ ਕਰਕੇ ਸੱਤ ਵਿਕਟਾਂ ਤੋਂ ਹਰਾ ਕੇ ਭਾਰੀ ਜਿੱਤ ਪ੍ਰਾਪਤ ਕੀਤੀ।ਕਾਲਜ ਦੀ ਟੀਮ ਦੇ ਕੈਪਟਨ ਯੋਗੇਸ਼ ਨੇ ਆਪਣੀ ਟੀਮ ਲਈ ਬਾਖੂਬੀ ਪ੍ਰਦਰਸ਼ਨ ਕਰਦੇ ਹੋਏ 48 ਰਨ ਦੇ ਨਾਲ ਨਾਲ ਵਿਕਟਾਂ ਵੀ ਹਾਸਲ ਕੀਤੀਆਂ।ਦੂਜੇ ਪਾਸੇ ਖਿਡਾਰੀ ਸੰਨੀ ਨੇ ਵੀ ਟੀਮ ਦੇ ਲਈ 32 ਰਨ ਦਾ ਯੋਗਦਾਨ ਦਿੱਤਾ।ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਮੈਡਮ ਇਕਬਾਲ ਕੌਰ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਦੇ ਇਸ ਵਧੀਆ ਪ੍ਰਦਰਸ਼ਨ ਤੇ ਜਿੱਤ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਮੁੜ ਤੋਂ ਦੂਜੇ ਮੈਚ ਵਿੱਚ ਵੀ ਚੰਗੀ ਕਾਰਗੁਜ਼ਾਰੀ ਲਈ ਪ੍ਰੇਰਿਤ ਕੀਤਾ।

ਰੋਇਲ ਕਾਲਜ 'ਚ ਤਿੰਨ ਰੋਜ਼ਾ ਬਾਸਕਟਬਾਲ ਖੇਡ ਮੁਕਾਬਲੇ ਸ਼ੁਰੂ

ਭੀਖੀ, (ਧਰਮਵੀਰ ਸ਼ਰਮਾ) ਦਿ ਰੋਇਲ ਗਰੁੱਪ ਆਫ ਕਾਲਜਿਜ਼, ਬੋੜਾਵਾਲ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਿੰਨ ਦਿਨ (1 ਤੋਂ 3 ਨਵੰਬਰ) ਚੱਲਣ ਵਾਲੇ ਅੰਤਰ ਕਾਲਜ ਬਾਸਕਟਬਾਲ (ਲੜਕੇ/ਲੜਕੀਆਂ) ਟੂਰਨਾਮੈਂਟ ਸ਼ੁਰੂ ਹੋਏ। ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਐਸ ਡੀ ਐਮ ਮਾਨਸਾ ਹਰਜਿੰਦਰ ਸਿੰਘ ਜੱਸਲ, ਪੀ ਸੀ ਐਸ ਨੇ ਸ਼ਮੂਲੀਅਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦੇ ਹੋਏ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਾਇਆ। ਐਸ ਡੀ ਐਮ ਨੇ ਕਿਹਾ ਆਮ ਜੀਵਨ ਵਿਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਭਾਗ ਲੈ ਰਹੀਆਂ ਟੀਮਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਕਾਲਜ ਦੇ ਖੇਡ ਵਿਭਾਗ ਦੇ ਮੁਖੀ ਅਸਿਸਟੈਂਟ ਪ੍ਰੋਫੈਸਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਅੰਤਰ-ਕਾਲਜ ਬਾਸਕਟਬਾਲ ਮੁਕਾਬਲਿਆਂ ਵਿੱਚ ਵੀਹ ਦੇ ਲਗਭਗ ਟੀਮਾਂ ਹਿੱਸਾ ਲੈ ਰਹੀਆਂ ਹਨ। ਕਾਲਜ ਦੇ ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਕਿਹਾ ਕਿ ਇਸ ਮੁਕਾਬਲੇਬਾਜ਼ੀ ਨਾਲ ਭਰਪੂਰ ਯੁੱਗ ਵਿੱਚ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਅਜਿਹੇ ਮੁਕਾਬਲਿਆਂ ਦੀ ਬੜੀ ਲੋੜ ਹੈ। ਅੰਤ ਵਿੱਚ ਕਾਲਜ ਡੀਨ ਪ੍ਰੋ ਸੁਰਜਨ ਸਿੰਘ ਨੇ ਆਏ ਹੋਏ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਇਸ ਟੂਰਨਾਮੈਂਟ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਦਾ ਅਹਿਦ ਕੀਤਾ।

18 ਟਨ ਲੋਹਾ ਖੁਰਦ-ਪੁਰਦ ਕਰਨ ਦੇ ਦੋਸ਼ 'ਚ ਟਰੱਕ ਚਾਲਕ ਵਿਰੁੱਧ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੱਕ ਲੋਹਾ ਕਾਰੋਬਾਰੀ ਦੀ ਸ਼ਿਕਾਇਤ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਿਸ ਵੱਲੋਂ ਕਥਿਤ ਟਰੱਕ ਚਾਲਕ ਹਰਮੀਤ ਸਿੰਘ ਵਾਸੀ ਪਿੰਡ ਕੋਟਲਾ ਸੁਲੇਮਾਨ ਵਿਰੁੱਧ ਅ/ਧ 407 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮੰਡੀ ਗੋਬਿੰਦਗੜ੍ਹ ਨਿਵਾਸੀ ਲੋਹਾ ਵਪਾਰੀ ਮੋਹਣ ਸ਼ਰਮਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਅਕਸਰ ਦੂਜੇ ਰਾਜਾਂ ਤੋਂ ਲੋਹਾ ਮੰਗਵਾਉਂਦਾ ਰਹਿੰਦਾ ਹੈ ਤੇ ਕੁਝ ਸਮਾਂ ਪਹਿਲਾਂ ਉਸਨੇ ਸਰਹਿੰਦ ਟਰੱਕ ਯੂਨੀਅਨ ਦੇ ਟਰੱਕ ਨੰਬਰ ਪੀ.ਬੀ.23.ਜੀ-6402 ਰਾਹੀਂ ਔਰੰਗਾਬਾਦ (ਬਿਹਾਰ) ਤੋਂ ਸਕਰੈਪ ਲੋਹਾ ਮੰਗਵਾਇਆ ਗਿਆ ਸੀ ਤੇ ਉਕਤ ਟਰੱਕ 'ਚ ਔਰੰਗਾਬਾਦ ਤੋਂ 18 ਟਨ ਸਕਰੈਪ ਲੋਹਾ ਲੋਡ ਕਰਕੇ 18 ਅਕਤੂਬਰ ਨੂੰ ਹਰਮੀਤ ਸਿੰਘ ਨਾਮਕ ਟਰੱਕ ਚਾਲਕ ਚੱਲਿਆ ਸੀ, ਪਰ ਉਕਤ ਟਰੱਕ ਚਾਲਕ ਮਾਲ ਲੈ ਕੇ ਮੰਡੀ ਗੋਬਿੰਦਗੜ੍ਹ ਵਿਖੇ ਨਹੀਂ ਪਹੁੰਚਿਆ, ਜਿਸ ਬਾਰੇ ਉਸ ਨੂੰ ਯਕੀਨ ਹੋ ਗਿਆ ਹੈ ਕਿ ਉਸ ਨੇ ਉਸਦਾ 18 ਟਨ ਲੋਹਾ ਰਸਤੇ 'ਚ ਹੀ ਕਿਧਰੇ ਖੁਰਦ-ਬੁਰਦ ਕਰ ਦਿੱਤਾ ਹੈ।

ਮੀਨਾ ਥਾਪਰ ਨੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) -ਡੀ ਏ ਵੀ ਸਕੂਲ ਵਿਖੇ ਪ੍ਰਿੰਸੀਪਲ ਮੀਨਾ ਥਾਪਰ ਨੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ ਲਿਆ ਹੈ। ਪ੍ਰਿੰਸੀਪਲ ਵਜੋਂ ਨਿਯੁਕਤ ਹੋਏ ਸ੍ਰੀਮਤੀ ਮੀਨਾ ਥਾਪਰ ਦਾ ਸਕੂਲ ਦੇ ਸਮੂਹ ਸਟਾਫ਼ ਨੇ ਭਰਵਾਂ ਸਵਾਗਤ ਕੀਤਾ ਹੈ। ਨਵ ਨਿਯੁਕਤ ਪ੍ਰਿੰਸੀਪਲ ਸ੍ਰੀਮਤੀ ਮੀਨਾ ਥਾਪਰ ਅਰਥ-ਸ਼ਾਸਤਰ ਵਿਸ਼ੇ ਵਿੱਚ ਐਮ.ਏ, ਬੀ-ਐੱਡ ਹਨ ਅਤ

3-Nov-PAGE-8.qxd 11/2/2022 10:37 PM Page 1

270 ਗ੍ਰਾਮ ਹੈਰੋਇਨ ਸਮੇਤ ਨਸ਼ਾ ਸਮਗਲਰ ਕਾਬੂ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)

ਸੁਖਵਿੰਦਰ ਸਿੰਘ ਡੀ ਐਸ ਪੀ ਸੁਲਤਾਨਪੁਰ ਲੋਧੀ ਦੀ ਨਿਗਰਾਨੀ ਹੇਠ, ਐਸ ਆਈ ਜਸਪਾਲ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਨੇ 270 ਗ੍ਰਾਮ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਡੀ ਐਸ ਪੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਮਗਲਰ ਨਿਰਮਲ ਸਿੰਘ ਉਰਫ ਬੱਗਾ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਦੌਲੇਵਾਲ ਥਾਣਾ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਨੂੰ ਕਾਬੂ ਕਰਕੇ ਉਸ ਪਾਸੋਂ 1000 ਪੁੱਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕਰਨ ਤੇ ਮੁਕੱਦਮਾ ਥਾਣਾ ਸੁਲਤਾਨਪੁਰ ਲੋਧੀ ਦਰਜ ਕੀਤਾ ਗਿਆ ਸੀ। ਉਸ ਪਾਸੋਂ ਪੁੱਛਗਿੱਛ ਸਮੇਂ ਉਸਨੇ ਇੰਕਸ਼ਾਫ ਕੀਤਾ ਕਿ ਉਹ ਜਸਵੰਤ ਸਿੰਘ ਉਰਫ ਗੱਗੂ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਸੈਂਚਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਪਾਸੋਂ ਨਸ਼ੀਲੀਆਂ ਗੋਲੀਆਂ ਅਤੇ ਹੈਰੋਇਨ ਖਰੀਦ ਕਰਦਾ ਹੈ। ਜਿਸ ਤੋਂ ਉਪਰੰਤ ਜਸਵੰਤ ਸਿੰਘ ਨੂੰ ਉਕਤ ਮੁੱਕਦਮਾ ਵਿੱਚ ਨਾਮਜਦ ਕਰਕੇ ਮੁਕੱਦਮਾ ਵਿਚ ਜੁਰਮ ਅਧੀਨ ਧਾਰਾ 30 ਦਾ ਵਾਧਾ ਕੀਤਾ ਗਿਆ ਸੀ। ਦੌਰਾਨੇ ਤਫਤੀਸ਼ ਮੁੱਕਦਮਾ ਵਿੱਚ ਨਾਮਜਦ ਦੋਸ਼ੀ ਜਸਵੰਤ ਸਿੰਘ ਉਰਫ ਗੱਗੂ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡਾਂ ਸੈਂਚਾ ਥਾਣਾ ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕਰਕੇ ਮਿਤੀ 30-10-2012 ਨੂੰ ਮਾਣਯੋਗ ਅਦਾਲਤ ਸੁਲਤਾਨਪੁਰ ਲੋਧੀ ਵਿੱਚ ਪੇਸ ਕਰਕੇ (02 ਦਿਨਾ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ, ਦੌਰਾਨੇ ਪੁੱਛ ਗਿੱਛ ਮੁੱਕਦਮਾ ਉਕਤ ਵਿੱਚ ਦੋਸੀ ਜਸਵੰਤ ਸਿੰਘ ਉਰਫ ਗੱਗੂ ਉਕਤ ਵੱਲੋਂ ਮਿਤੀ 31-10-2022 ਨੂੰ ਕੀਤੇ ਗਏ ਫਰਦ ਇੰਕਸਾਫ ਮੁਤਾਬਿਕ ਉਸਦੀ ਨਿਸ਼ਾਨਦੇਹੀ 'ਤੇ 270 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁੱਕਦਮਾ ਵਿੱਚ ਜੁਰਮ 21-61-85 ਦਾ ਵਾਧਾ ਕੀਤਾ।

ਵਿਜਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਖਿਲਾਫ਼ ਕੱਢਿਆ ਜਾਗਰੂਕਤਾ ਮਾਰਚ

ਹੁਸ਼ਿਆਰਪੁਰ, (ਓ ਪੀ ਰਾਣਾ)

ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਯੂਨਿਟ ਵਲੋਂ ਭ੍ਰਿਸ਼ਟਾਚਾਰ ਵਿਰੁੱਧ 'ਭ੍ਰਿਸ਼ਟਾਚਾਰ ਮੁਕਤ ਭਾਰਤ-ਵਿਕਸਿਤ ਭਾਰਤ' ਥੀਮ ਤਹਿਤ ਅੱਜ ਸ਼੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨ ਟਰੱਸਟ ਡੱਲੇਵਾਲ ਦੇ ਸਹਿਯੋਗ ਨਾਲ ਜਾਗਰੂਕਤਾ ਮਾਰਚ ਕੱਢਿਆ ਗਿਆ। ਡੀ.ਐਸ.ਪੀ. ਵਿਜੀਲੈਂਸ ਯੂਨਿਟ ਹੁਸ਼ਿਆਰਪੁਰ ਮਨੀਸ਼ ਕੁਮਾਰ ਦੀ ਅਗਵਾਈ ਵਿਚ ਸ਼੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨ ਟਰੱਸਟ ਡੱਲੇਵਾਲ ਦੇ ਸਮੂਹ ਸਟਾਫ, 400 ਵਿਦਿਆਰਥੀਆਂ ਤੇ ਇਲਾਕੇ ਦੇ ਪਤਵੰਤੇ ਲੋਕਾਂ ਵਲੋਂ ਕੱਢੇ ਗਏ ਇਸ ਜਾਗਰੂਕਤਾ ਮਾਰਚ ਵਿਚ ਭ੍ਰਿਸ਼ਟਾਚਾਰ ਖਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਜਾਗਰੂਕਤਾ ਮਾਰਚ ਵਿਚ ਵਿਦਿਆਰਥੀਆਂ ਨੇ ਵਿਜੀਲੈਂਸ ਬਿਊਰੋ ਵਲੋਂ ਭ੍ਰਿਸ਼ਟਾਚਾਰ ਰੋਕਣ ਸਬੰਧੀ ਜਾਰੀ ਕੀਤੇ ਗਏ ਟੋਲ ਫਰੀ ਨੰਬਰ 1800-1800-100 ਅਤੇ ਮੁੱਖ ਮੰਤਰੀ ਪੰਜਾਬ ਵਲੋਂ ਜਾਰੀ ਕੀਤਾ ਗਿਆ ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਨੰਬਰ 95012-00200 ਅਤੇ ਰਿਸ਼ਵਤ ਰੋਕਣ ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਾਲੇ ਬੈਨਰਾਂ ਨੂੰ ਹੱਥਾਂ ਵਿਚ ਫੜ੍ਹ ਕੇ ਕਾਲਜ ਦੇ ਨਜ਼ਦੀਕ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕੀਤਾ।

ਡੀ.ਐਸ.ਪੀ. ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਯੂਨਿਟ ਮਨੀਸ਼ ਕੁਮਾਰ ਨੇ ਦੱਸਿਆ ਕਿ 31 ਅਕਤੂਬਰ ਤੋਂ 6 ਨਵੰਬਰ ਤੱਕ ਜ਼ਿਲ੍ਹੇ ਵਿਚ ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ, ਤਾਂ ਜੋ ਲੋਕਾਂ ਨੂੰ ਭ੍ਰਿਸ਼ਟਾਚਾਰ ਖਿਲਾਫ਼ ਇਕਜੁੱਟ ਕੀਤਾ ਜਾ ਸਕੇ। ਜਾਗਰੂਕਤਾ ਮਾਰਚ ਦੌਰਾਨ ਉਨ੍ਹਾਂ ਲੋਕਾਂ ਨੂੰ ਦੱਸਿਆ ਕਿ ਜੇਕਰ ਕੋਈ ਵੀ ਸਰਕਾਰੀ ਅਧਿਕਾਰੀ, ਕਰਮਚਾਰੀ ਜਾਂ ਇਨ੍ਹਾਂ ਦਾ ਏਜੰਟ ਆਮ ਜਨਤਾ ਦਾ ਕੰਮ ਕਰਵਾਉਣ ਲਈ ਰਿਸ਼ਵਤ ਦੀ ਮੰਗ ਕਰਦਾ ਹੈ, ਤਾਂ ਇਸ ਦੀ ਸੂਚਨਾ ਵਿਜੀਲੈਂਸ ਵਿਭਾਗ ਨੂੰ ਦਿੱਤੀ ਜਾਵੇ। ਇਸ ਦੌਰਾਨ ਉਨ੍ਹਾਂ ਸ਼੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨ ਟਰੱਸਟ ਦੇ ਵਿਦਿਆਰਥੀਆਂ, ਸਮੂਹ ਸਟਾਫ਼ ਨੂੰ ਭ੍ਰਿਸ਼ਟਾਚਾਰ ਦੇ ਵਿਰੁੱਧ ਲੜਨ ਵਿਚ ਵਿਜੀਲੈਂਸ ਬਿਊਰੋ ਦਾ ਸਹਿਯੋਗ ਕਰਨ ਲਈ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਇੰਸਪੈਕਟਰ ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਯੂਨਿਟ ਲਖਵਿੰਦਰ ਸਿੰਘ, ਸ਼੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨ ਟਰੱਸਟ ਡੱਲੇਵਾਲ ਦੇ ਚੇਅਰਮੈਨ ਇੰਜੀਨੀਅਰ ਪਰਮਜੀਤ ਸਿੰਘ, ਟਰੱਸਟ ਦੇ ਐਮ.ਡੀ. ਇੰਜੀਨੀਅਰ ਪ੍ਰਭਜੀਤ ਸਿੰਘ, ਬੀ.ਫਾਰਮੇਸੀ ਕਾਲਜ ਡੱਲੇਵਾਲ ਦੇ ਪ੍ਰਿੰਸੀਪਲ ਡਾ. ਪਰਸ਼ੂ ਰਾਮ ਰਾਏ, ਡੀ.ਫਾਰਮੇਸੀ ਕਾਲਜ ਡੱਲੇਵਾਲ ਦੀ ਪ੍ਰਿੰਸੀਪਲ ਕਨਿਕਾ ਤੁਲੀ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਭੂੰਗਾ ਬਲਾਕ ਕਮੇਟੀ ਦੀ ਚੋਣ

ਅੱਡਾ ਸਰਾਂ (ਜਸਵੀਰ ਕਾਜਲ)

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਬਲਾਕ ਭੂੰਗਾ ਦੇ ਕਿਸਾਨ ਮੈਂਬਰਾਂ ਦੀ ਮੀਟਿੰਗ ਭੂੰਗਾਂ ਵਿਖੇ ਕੀਤੀ ਗਈ। ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਬਲਾਕ ਕਮੇਟੀ ਦੀ ਚੋਣ ਸਰਭ ਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਪ੍ਰਧਾਨ ਕੁਲਜੀਤ ਸਿੰਘ ਖਿਆਲਾ, ਸੀਮੀਤ ਪ੍ਰਧਾਨ ਗਿਆਨ ਸਿੰਘ ਗੁਰਾਇਆ, ਜਨਰਲ ਸੈਕਟਰੀ ਸੂਬੇਦਾਰ ਵਰਿੰਦਰ ਕੁਮਾਰ ਭਟੋਲੀਆ, ਸੈਕਟਰੀ ਜਸਪਾਲ ਸਿੰਘ ਫਤਿਪੁਰ, ਪ੍ਰੈਸ ਸੈਕਟਰੀ ਸਨੀ ਕੁਮਾਰ ਬਸੀ ਬਾਬੂ, ਸਹਾਇਕ ਸਕੱਤਰ ਸੁੱਖਪਾਲ ਸਿੰਘ ਧੂਤ ਕਲਾਂ, ਮੁੱਖ ਕੈਸ਼ੀਅਰ ਸੁਖਜੀਤ ਸਿੰਘ, ਕੈਸ਼ੀਅਰ ਭਜਨ ਸਿੰਘ ਗੁਰਾਇਆ, ਮੁੱਖ ਸਲਾਹਕਾਰ ਰਾਜ ਕੁਮਾਰ ਭਟੋਲੀਆ, ਸਲਾਹਕਾਰ ਕੁਲਵਰਨ ਸਿੰਘ ਲਵਲੀ, ਸਲਾਹਕਾਰ ਹਰਦੇਵ ਸਿੰਘ ਹੁੰਦਲ ਚੁਟਾਲਾ, ਸਲਾਹਕਾਰ ਗੁਰਮੇਲ ਸਿੰਘ ਫਤਿਪੁਰ, ਐਕਸ਼ਨ ਗਰੁੱਪ ਮੈਂਬਰ ਸੁਖਜਿੰਦਰ ਸਿੰਘ ਨੰਗਲ, ਜਸਪ੍ਰੀਤ ਸਿੰਘ ਫਤਿਪੁਰ, ਸ਼ਿਵ ਕੁਮਾਰ ਰੌੜਾਂ ਨੂੰ ਚੁਣਿਆ ਗਿਆ। ਇਸ ਮੌਕੇ ਕੁਲਜੀਤ ਸਿੰਘ ਖਿਆਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਲਾਕ ਭੂੰਗਾ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋ ਭੂੰਗਾ ਕਮੇਟੀ ਦੀ ਚੋਣ ਨਾਲ ਕਿਸਾਨਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਸਹਾਇਤਾ ਮਿਲੇਗੀ। ਗੁਰਵਿੰਦਰ ਸਿੰਘ ਫੰਗੂੜਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਹੁਸ਼ਿਆਰਪੁਰ ਵੱਲੋਂ ਕਿਸਾਨਾਂ ਦੀਆਂ ਫਸਲਾਂ, ਬਿਜਲੀ ਦੀ ਨਿਰਵਿਘਨ ਸਪਲਾਈ, ਅਵਾਰਾ ਪਸ਼ੂਆਂ ਵੱਲੋਂ ਫਸਲਾਂ ਦੇ ਉਜਾੜੇ ਅਤੇ ਕਿਸਾਨਾਂ ਦੀਆ ਹੋਰ ਸਮੱਸਿਆਵਾਂ ਦੇ ਹੱਲ ਲਈ ਜੱਥੇਬੰਦੀ ਹਰ ਵਕਤ ਤਿਆਰ ਹੈ। ਇਸ ਮੌਕੇ ਸੂਬੇਦਾਰ ਵਰਿੰਦਰ ਕੁਮਾਰ, ਜਸਪਾਲ ਸਿੰਘ, ਸੁਖਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਜੋ ਵਿਸ਼ਵਾਸ਼ ਬਲਾਕ ਭੂੰਗਾਂ ਦੇ ਕਿਸਾਨ ਮੈਂਬਰਾਂ ਨੇ ਸਾਡੀ ਚੋਣ ਕਰਕੇ ਕੀਤਾ ਹੈ ਜੱਥੇਬੰਦੀ ਦੀ ਭੂੰਗਾਂ ਕਮੇਟੀ ਹਮੇਸ਼ਾ ਉਨ੍ਹਾਂ ਦੀ ਰਿਣੀ ਰਹੇਗੀ, ਕਿਸਾਨਾਂ ਦੀ ਸਹਾਇਤਾ ਕਰਨ ਅਤੇ ਕਿਸਾਨਾ ਦੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਰਹਾਂਗੇ। ਇਸ ਮੌਕੇ ਨਵੀ ਚੁਣੀ ਕਮੇਟੀ ਦੇ ਆਗੂਆਂ ਵੱਲੋ ਬਲਾਕ ਭੂੰਗਾਂ ਦੇ ਕਿਸਾਨ ਵੀਰਾਂ ਨੂੰ ਜੱਥੇਬੰਦੀ ਨਾਲ ਜੁੜਨ ਦੀ ਅਪੀਲ ਕੀਤੀ ਗਈ ਤਾਂ ਜੋ ਆਪਣੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ।

ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ

ਫਿਲੌਰ (ਕੈਨੇਡੀ)- ਨਜ਼ਦੀਕੀ ਪਿੰਡ ਖਹਿਰਾ-ਭੱਟੀਆਂ ਵਾਲੀ ਨਹਿਰ 'ਚੋਂ ਇਕ 30-32 ਸਾਲਾਂ ਕਲੀਨਸ਼ੇਵ ਵਿਅਕਤੀ ਦੀ ਲਾਸ਼ ਤੈਰਦੀ ਮਿਲੀ। ਪਿੰਡ ਸ਼ਾਹਪੁਰ ਦੇ ਵਸਨੀਕ ਸੰਨੀ ਨੇ ਲਾਸ਼ ਨੂੰ ਦੇਖ ਕੇ ਰੌਲਾ ਪਾਇਆ ਅਤੇ ਪਿੰਡ ਖਹਿਰਾ ਦੇ ਸਮਾਜ ਸੇਵਕ ਵਰਿੰਦਰ ਸਿੰਘ ਸਾਥੀਆਂ ਸਮੇਤ ਨਹਿਰ 'ਤੇ ਪੁੱਜੇ ਅਤੇ ਫਿਲੌਰ ਪੁਲਸ ਨੂੰ ਵੀ ਸੂਚਿਤ ਕੀਤਾ ਗਿਆ। ਥਾਣੇਦਾਰ ਵਿਜੈ ਕੁਮਾਰ ਸਾਥੀਆਂ ਨਾਲ ਨਹਿਰ ਤੇ ਪੁੱਜੇ ਅਤੇ ਲੋਕਾਂ ਦੀ ਮਦਦ ਨਾਲ ਲਾਸ਼ ਨੂੰ ਬਾਹਰ ਕੱਢਿਆ। ਮ੍ਰਿਤਕ ਪਰਵਾਸੀ ਮਜਦੂਰ ਜਾਪਦਾ ਹੈ ਉਸ ਦੀ ਇਕ ਬਾਂਹ 'ਤੇ ਸੋਨੂੰ ਕੁਮਾਰ ਲਿਖਿਆ ਹੋਇਆ ਅਤੇ ਦੂਜੀ ਬਾਂਹ 'ਤੇ ਮਾਤਾ ਜੀ ਦੀ ਤਸਵੀਰ ਬਣੀ ਹੋਈ ਹੈ। ਲੋਕਾਂ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਕਾਫੀ ਸਮੇਂ ਤੋਂ ਨੰਗੀ ਹਾਲਤ ਵਿੱਚ ਇੱਧਰ ਉੱਧਰ ਘੁੰਮਦਾ ਦੇਖਿਆ। ਪੁਲਸ ਵੱਲੋਂ ਲਾਸ਼ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਰੱਖ ਕੇ ਉਸਦੇ ਵਾਰਸਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਬਤੌਰ ਹਲਕਾ ਅਬਜ਼ਰਵਰ ਲਗਾਈ ਗਈ ਡਿਊਟੀ ਤਨਦੇਹੀ ਨਾਲ ਨਿਭਾਵਾਂਗੇ : ਢਿੱਲੋਂ, ਬੂਲੇ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਪ੍ਰਕਾਸ਼ ਸਿੰਘ ਬਾਦਲ ,ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬਤੌਰ ਹਲਕਾ ਅਬਜਰਵਰ ਸੁਲਤਾਨਪੁਰ ਲੋਧੀ ਲਗਾਈ ਗਈ ਡਿਊਟੀ ਤਨਦੇਹੀ ਨਾਲ ਨਿਭਾਵਾਂਗੇ। ਇਹ ਸ਼ਬਦ ਹਲਕਾ ਅਬਜਰਵਰ ਸੁਲਤਾਨਪੁਰ ਲੋਧੀ ਡਿਊਟੀ ਲੱਗਣ 'ਤੇ ਸਰਵਣ ਸਿੰਘ ਕੁਲਾਰ ਮੈਂਬਰ ਅੰਤ੍ਰਿਗ ਕਮੇਟੀ ਐਸ ਜੀ ਪੀ ਸੀ ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਅਤੇ ਕੁਲਦੀਪ ਸਿੰਘ ਬੂਲੇ ਜ਼ਿਲ੍ਹਾ ਜਥੇਦਾਰ ਐਸ ਸੀ ਵਿੰਗ ਨੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਹੇ। ਪ੍ਰੈਸ ਨਾਲ ਗੱਲ ਕਰਦਿਆਂ ਹੋਇਆਂ ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵਲੋਂ ਉਹਨਾਂ ਦੀ ਜੋ ਡਿਊਟੀ ਲਗਾਈ ਗਈ ਹੈ ਉਸ ਨੂੰ ਉਹ ਤਹਿ ਦਿਲ ਤੋਂ ਨਿਭਾਉਣਗੇ। ਹਲਕੇ ਵਿੱਚ ਸ਼੍ਰੋ ਅ ਦ ਦੀ ਚੜ੍ਹਦੀ ਕਲਾ ਕਰਨ ਲਈ ਉਹ ਹਰ ਵਰਕਰ ਤੱਕ ਪਹੁੰਚ ਕਰਕੇ ਉਹਨਾਂ ਦੀਆਂ ਮੁਸ਼ਕਲਾਂ ਜਾਂ ਵਿਚਾਰਾਂ ਨੂੰ ਹਾਈ ਕਮਾਂਡ ਨਾਲ ਸਾਂਝਾ ਕਰਕੇ ਉਹਨਾਂ ਦਾ ਹੱਲ ਕਰਵਾਉਣਗੇ ਤਾਂ ਜੋ ਮੌਜੂਦਾ ਸਰਕਾਰ ਵੀ ਪਿਛਲੀ ਸਰਕਾਰ ਦੀ ਤਰ੍ਹਾਂ ਵਰਕਰਾਂ ਨਾਲ ਧੱਕੇਸ਼ਾਹੀ ਜਾਂ ਵਿੱਤਕਰੇਬਾਜੀ ਨਾ ਕਰੇ। ਪਾਰਟੀ ਨੂੰ ਮਜਬੂਤ ਕਰਨ ਲਈ ਜੋ ਤੇਰਾਂ ਅਹਿਮ ਫੈਸਲੇ ਪਾਰਟੀ ਹਾਈਕਮਾਂਡ ਨੇ ਲਏ ਹਨ ਅਸੀਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਫਿਰ ਪਹਿਲਾਂ ਵਾਂਗ ਲੋਕਪ੍ਰਿਅਤਾ ਪ੍ਰਾਪਤ ਕਰੇਗੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਜੋ ਵਿਕਾਸ ਕਾਰਜ ਅਤੇ ਲੋਕ ਭਲੇ ਦੀਆਂ ਸਕੀਮਾਂ ਸਨ ਉਹਨਾਂ ਨੂੰ ਪੰਜਾਬ ਵਾਸੀ ਅੱਜ ਯਾਦ ਕਰਦੇ ਹਨ। ਪ੍ਰਕਾਸ਼ ਸਿੰਘ ਬਾਦਲ ਦੀ ਯੋਗ ਅਗਵਾਈ ਅਤੇ ਸੁਖਬੀਰ ਸਿੰਘ ਬਾਦਲ ਦੀ ਉਸਾਰੂ ਸੋਚ ਸਦਕਾ ਪੰਜਾਬ ਨੇ ਬਿਜਲੀ ,ਸੜਕਾਂ ,ਪਿੰਡਾਂ ਦੇ ਵਿਕਾਸ ਕਾਰਜ , ਲੋੜਵੰਦਾਂ ਲਈ ਆਟਾ-ਦਾਲ ਸਕੀਮ,ਵਿਦਿਆਰਥਣਾ ਲਈ ਸਾਇਕਲ , ਧੀਆਂ ਲਈ ਸਗਨ,ਬੁਢਾਪਾ ਵਿਧਵਾ ਅਤੇ ਅੰਗਹੀਣ ਪੈਨਸ਼ਨ ਅਤੇ ਸਿਹਤ ਸਹੂਲਤਾਂ ਆਦਿ ਪੰਜਾਬ ਵਾਸੀਆਂ ਨੂੰ ਪ੍ਰਦਾਨ ਕੀਤੇ ਸਨ ਜੋ ਕਿ ਮੌਜੂਦਾ ਸਰਕਾਰ ਵਲੋਂ ਤਰਕਸੰਗਤ ਕਰਨ ਦਾ ਬਹਾਨਾ ਲਾਕਿ ਗਰੀਬ ਅਤੇ ਲੋੜਵੰਦਾਂ ਨੂੰ ਮਿਲਦੀਆਂ ਇਹ ਸਕੀਮਾਂ ਬੰਦ ਕਰ ਦਿੱਤੀਆਂ ਹਨ। ਪੰਜਾਬ ਵਾਸੀ ਮਜੂਦਾ ਪੰਜਾਬ ਦੇ ਹਲਾਤਾਂ ਤੋ ਚਿੰਤਤ ਹਨ। ਪੰਜਾਬ ਵਿੱਚ ਕਨੂੰਨ ਵਿਵਸਥਾ ਬਿਲਕੁਲ ਡਾਵਾਂਡੋਲ ਹੋਈ ਪਈ ਹੈ। ਪੰਜਾਬ ਸਰਕਾਰ ਦਿੱਲੀ ਸਰਕਾਰ ਦੇ ਹੱਥਾਂ ਵਿੱਚ ਖੇਡ ਰਹੀ ਹੈ ਅਤੇ ਉਹਨਾਂ ਨੇ ਪੰਜਾਬ ਨੂੰ ਲਾਵਾਰਿਸ ਛੱਡ ਦਿੱਤਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਹਿਮਾਚਲ ਅਤੇ ਗੁਜਰਾਤ ਚੋਣਾਂ ਵਿੱਚ ਜਿੱਤਣ ਲਈ ਕੇਜਰੀਵਾਲ ਨੂੰ ਪੰਜਾਬ ਦੇ ਹਿੱਤ ਵੇਚ ਕੇ ਖੁਸ਼ ਕਰਨ ਦਾ ਯਤਨ ਕਰ ਰਹੇ ਹਨ। ਸਰਕਾਰ ਪੂਰੀ ਤਰ੍ਹਾਂ ਝੂਠ ਦੇ ਸਹਾਰੇ ਚੱਲ ਰਹੀ ਹੈ। ਭ੍ਰਿਸ਼ਟਾਚਾਰ ਅਤੇ ਮਹਿੰਗਾਈ ਨਾਲ ਪੰਜਾਬ ਵਾਸੀ ਪਿਸ ਰਹੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਬਦਲਾਅ ਦੇ ਚਾਅ ਵਿੱਚ ਹੀ ਉਹਨਾਂ ਨੇ ਆਪ ਨੂੰ ਪੰਜਾਬ ਵਿੱਚੋ ਵੱਡੀ ਜਿੱਤ ਦਿੱਤੀ ਸੀ। ਉਹਨਾਂ ਦੀ ਪੁਕਾਰ ਸੁਨਣ ਵਾਲਾ ਕੋਈ ਨਹੀਂ ਹੈ। ਸਰਕਾਰ ਨੂੰ ਪੰਜਾਬ ਵਾਸੀਆਂ ਦੀਆਂ ਮੁਸ਼ਕਲਾਂ ਵੱਲ ਧਿਆਨ ਕਰਨਾ ਚਾਹੀਦਾ ਹੈ ਜਿਹਨਾਂ ਨੇ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਦੀ ਕ੍ਰਿਪਾ ਕੀਤੀ ਹੈ। ਸਰਕਾਰ ਆਪਣੀ ਜਿੰਮੇਵਾਰੀ ਸਮਝਦੇ ਹੋਏ ਪੰਜਾਬ ਦੇ ਹਿੱਤਾਂ ਦੀ ਰਾਖੀ ਕਰੇ। ਕੇਂਦਰ ਅਤੇ ਪੰਜਾਬ ਸਰਕਾਰ ਪੰਜਾਬ ਵਾਸੀਆਂ ਨਾਲ ਹਰ ਪੱਧਰ 'ਤੇ ਧੱਕਾ ਕਰ ਰਹੀਆਂ ਹਨ। ਕਿਸਾਨ,ਕਾਰੋਬਾਰੀ ਵਰਗ ਅਤੇ ਮੁਲਾਜਮ ਸਰਕਾਰ ਦੀਆਂ ਨੀਤੀਆਂ ਤੋਂ ਅੱਕੇ ਹੋਏ ਧਰਨੇ ਲਾਉਣ ਲਈ ਮਜਬੂਰ ਹਨ। ਪੰਜਾਬ ਦੇ ਮੁੱਖ ਮੰਤਰੀ ਕੋਲ ਉਹਨਾਂ ਦੀਆਂ ਮਸ਼ਸਕਲਾਂ ਸੁਨਣ ਲਈ ਸਮਾਂ ਨਹੀਂ ਹੈ। ਸੁਲਤਾਨਪੁਰ ਲੋਧੀ ਹਲਕੇ ਵਿੱਚ ਵੀ ਪਿਛਲੀ ਸਰਕਾਰ ਵਲੋਂ ਵਿਕਾਸ ਦੇ ਅਧੂਰੇ ਪਏ ਕਾਰਜਾਂ ਵੱ

3-Nov-PAGE-9.qxd 11/2/2022 10:36 PM Page 1

ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀ ਰੋਜ਼ਗਾਰ ਮੰਗਣ ਵਾਲੇ ਨਹੀਂ ਰੋਜ਼ਗਾਰਦਾਤਾ ਬਣਨਗੇ : ਹਰਜੋਤ ਬੈਂਸ

ਚੰਡੀਗੜ੍ਹ, (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਰੋਜ਼ਗਾਰਦਾਤੇ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਪੁੱਟਿਆ ਗਿਆ ਹੈ। ਅੱਜ ਇੱਥੇ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ ਵਪਾਰਕ ਉਦਮੀ ਬਣਨ ਸੰਬੰਧੀ ਇੱਛਾਵਾਂ ਨੂੰ ਹਕੀਕੀ ਰੂਪ ਦੇਣ ਲਈ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਬਿਜ਼ਨਸ ਬਲਾਸਟਰ ਯੰਗ ਇੰਟਰਪ੍ਰਨਿਓਰ ਸਕੀਮ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਜਿੱਥੇ ਅਸੀਂ ਪੰਜਾਬ ਦੇ ਸਿੱਖਿਆ ਮਾਡਲ ਨੂੰ ਪੂਰੀ ਦੁਨੀਆ ਨਾਲੋਂ ਬਿਹਤਰ ਬਣਾਉਣਾ ਹੈ ਉਥੇ ਨਾਲ ਹੀ ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਸਾਡੇ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਵਿਦਿਆਰਥੀ 12ਵੀਂ ਕਰਨ ਉਪਰੰਤ ਇਹ ਨਾ ਸੋਚਣ ਕਿ 'ਹੁਣ ਮੈਂ ਕੀ ਕਰਾਂ ? ' ਉਹਨਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਹੁਣ ਰੋਜ਼ਗਾਰ ਮੰਗਣ ਵਾਲੇ ਨਹੀਂ ਸਗੋਂ ਰੋਜ਼ਗਾਰਦਾਤਾ ਬਣਨਗੇ । ਉਹਨਾਂ ਕਿਹਾ ਕਿ ਇਸ ਸਵਾਲ ਨੂੰ ਖ਼ਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਿਜ਼ਨਸ ਬਲਾਸਟਰ ਯੰਗ ਇੰਟਰਪ੍ਰਨਿਓਰ ਸਕੀਮ ਸ਼ੁਰੂ

ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਕੀਮ ਨੂੰ 11ਵੀਂ ਜਮਾਤ ਦੇ ਵਿਦਿਆਰਾਥੀਆਂ ਲਈ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਨੂੰ ਪਹਿਲੇ ਪੜਾਅ ਅਧੀਨ ਪੰਜਾਬ ਰਾਜ ਦੇ 9 ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਸੰਗਰੂਰ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ 31 ਸਕੂਲਾਂ ਵਿੱਚ ਸ਼ੁਰੂ ਕੀਤਾ ਜਾਣਾ ਹੈ ਅਤੇ ਅਗਲੇ ਵਿੱਦਿਅਕ ਵਰ੍ਹੇ ਤੋਂ ਪੰਜਾਬ ਰਾਜ ਦੇ ਸਾਰੇ ਸਕੂਲਾਂ ਵਿੱਚ ਲਾਗੂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਪਹਿਲਾਂ ਬੱਚਿਆਂ ਤੋਂ ਉਹਨਾਂ ਦੀਆਂ ਵਪਾਰਕ ਤਜਵੀਜ਼ਾਂ ਲਈਆਂ ਜਾਣਗੀਆਂ ਅਤੇ ਫਿਰ ਉਹਨਾਂ ਵਪਾਰਕ ਤਜਵੀਜ਼ਾਂ ਨੂੰ ਸਥਾਪਤ ਉਦਯੋਗਪਤੀਆਂ ਨਾਲ ਵਿਚਾਰਿਆ ਜਾਵੇਗਾ ਅਤੇ ਜਿਹੜੀ ਵਪਾਰਕ ਤਜਵੀਜ਼ ਢੁਕਵੀਂ ਪਾਈ ਗਈ, ਉਸ ਤਜਵੀਜ਼ ਲਈ 8 ਵਿਦਿਆਰਥੀਆਂ ਦਾ ਇਕ ਮਿਕਸ ਗਰੁੱਪ ਬਣਾ ਕੇ ਉਹਨਾਂ ਨੂੰ ਪੂਰੀ ਸੇਧ ਦਿੰਦੇ ਹੋਏ ਗਰੁੱਪ ਦੇ ਹਰੇਕ ਮੈਂਬਰ ਨੂੰ 2000 ਰੁਪਏ ਦਿੱਤੇ ਜਾਣਗੇ ਜੋ ਕਿ ਇਸ ਪੈਸੇ ਨੂੰ ਆਪਣੀ ਵਪਾਰਕ ਤਜਵੀਜ਼ ਨੂੰ ਸਫ਼ਲ ਬਣਾਉਣ ਲਈ ਲਗਾਉਣਗੇ। ਉਹਨਾਂ ਕਿਹਾ ਕਿ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਬਹੁਤ ਕਾਬਲ ਬੱਚੇ ਪੜ੍ਹ ਰਹੇ ਹਨ ਜਿਹਨਾਂ ਵਿੱਚ ਦੇਸ਼ ਦਨੀਆ ਨੂੰ ਬਦਲਣ ਦੀ ਸਮਰੱਥਾ ਹੈ ਅਤੇ ਮੈਨੂੰ ਆਸ ਹੈ ਕਿ ਇਹ ਸਕੀਮ ਨਾ ਕੇਵਲ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਰੋਜ਼ਗਾਰਦਾਤਾ ਬਣਾਵੇਗੀ ਸਗੋਂ ਸੂਬੇ ਦੀਆਂ ਕਈ ਸਮੱਸਿਆਵਾਂ ਨੂੰ ਵੀ ਮੁੱਢੋਂ ਖ਼ਤਮ ਕਰ ਦੇਵੇਗੀ। ਇਸ ਮੌਕੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਰਿੰਦਰ ਕੁਮਾਰ ਸ਼ਰਮਾ, ਡੀ.ਪੀ.ਆਈ. ਪੰਜਾਬ ਕੁਲਜੀਤਪਾਲ ਸਿੰਘ ਮਾਹੀ ਅਤੇ ਡਾਇਰੈਕਟਰ ਐਸ.ਸੀ.ਆਰ.ਟੀ. ਮਨਿੰਦਰ ਸਿੰਘ ਸਰਕਾਰੀਆ ਅਤੇ ਕਈ ਹੋਰ ਅਧਿਕਾਰੀ ਸ਼ਾਮਲ ਸਨ।

ਮਾਲ ਪਟਵਾਰੀ 13,000 ਰੁਪਏ ਰਿਸ਼ਵਤ ਲੈਂਦਾ ਗ੍ਰਿਫ਼ਤਾਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਸੇਵਾਮੁਕਤ ਪਟਵਾਰੀ ਹਰਬੰਸ ਸਿੰਘ, ਜੋ ਪਹਿਲਾਂ ਮਾਲ ਹਲਕਾ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ ਵਿਖੇ ਤਾਇਨਾਤ ਸੀ, ਨੂੰ 13,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਟਵਾਰੀ ਹਰਬੰਸ ਸਿੰਘ ਨੂੰ ਰਜਿੰਦਰ ਸਿੰਘ ਵਾਸੀ ਲਹਿਰਾਗਾਗਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪਟਵਾਰੀ ਨੇ ਉਸ ਦੇ ਪਰਿਵਾਰ ਦੇ ਪਲਾਟ ਦਾ ਇੰਤਕਾਲ ਦਰਜ ਕਰਵਾਉਣ ਲਈ 13,000 ਰੁਪਏ ਲਏ ਹਨ। ਵਿਜੀਲੈਂਸ ਬਿਊਰੋ ਵੱਲੋਂ ਉਸ ਦੀ ਸ਼ਿਕਾਇਤ ਦੀ ਜਾਂਚ ਉਪਰੰਤ ਦੋਸ਼ੀ ਪਾਏ ਜਾਣ 'ਤੇ ਮੁਲਜ਼ਮ ਪਟਵਾਰੀ ਖਿਲਾਫ਼ ਰਿਸ਼ਵਤਖੋਰੀ ਦਾ ਮਾਮਲਾ ਦਰਜ ਕਰਕੇ ਅੱਜ ਉਸ ਨੂੰ ਗ੍ਰਿਫਤਾਰ ਕਰ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ, ਆਰਥਿਕ ਅਪਰਾਧ ਸ਼ਾਖਾ, ਥਾਣਾ ਪਟਿਆਲਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

ਨਸ਼ਾ ਤਸਕਰ ਪਾਸੋਂ ਹੈਰੋਇਨ ਬਰਾਮਦ

ਬਿਲਗਾ (ਵਿਜੇ ਕੁਮਾਰ)

ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਬਿਲਗਾ ਪੁਲਸ ਨੇ ਇਕ ਨਸ਼ਾ ਤਸਕਰ ਪਾਸੋਂ 05 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਸੰਬੰਧ ਵਿੱਚ ਥਾਣਾ ਬਿਲਗਾ ਦੇ ਐਸ ਐਚ ਓ ਮਹਿੰਦਰ ਪਾਲ ਨੇ ਦੱਸਿਆ ਕਿ ਏ ਐਸ ਆਈ ਅਨਵਰ ਮਸੀਹ ਥਾਣਾ ਬਿਲਗਾ ਤੋਂ ਸਮੇਤ ਪੁਲਸ ਪਾਰਟੀ ਦੇ ਗਸ਼ਤ ਬਾ ਚੈਕਿੰਗ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਥਾਣਾ ਬਿਲਗਾ ਤੋਂ ਪਿੰਡ ਖੋਖੇਵਾਲ ਹੁੰਦਾ ਹੋਏ ਮੇਨ ਰੋਡ ਥੰਮਣਵਾਲ ਨੂੰ ਜਾ ਰਹੇ ਸੀ, ਜਦ ਪੁਲਸ ਪਾਰਟੀ ਬੱਸ ਸਟੈਂਡ ਥੰਮਣਵਾਲ ਪੁੱਜੀ ਤਾਂ ਪਿੰਡ ਬੁਰਜ ਕੇਲਾ (ਫਤਿਹਗੜ੍ਹ ਨਿਹਾਲ) ਵੱਲੋਂ ਆ ਰਹੇ ਮੋਨਾ ਨੌਜਵਾਨ ਜੋਗਿੰਦਰ ਸਿੰਘ ਉਰਫ ਮੀਤੂ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ (ਫਹਿਤਗੜ੍ਹ ਨਿਹਾਲ) ਬੁਰਜ ਕੇਲਾ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਉਸ ਦੇ ਹੱਥ ਵਿਚ ਫੜੇ ਮੋਮੀ ਲਿਫਾਫੇ ਵਿੱਚੋਂ ਹੈਰੋਇਨ ਵਜ਼ਨੀ 05 ਗ੍ਰਾਮ ਬਰਾਮਦ ਕਰਕੇ ਥਾਣਾ ਬਿਲਗਾ ਵਿਚ ਮੁਕੱਦਮਾ ਦਰਜ ਕਰਕੇ ਪੁੱਛ ਗਿੱਛ ਕਰਨ ਦੌਰਾਨ ਜੋਗਿੰਦਰ

ਸਿੰਘ ਉਰਫ ਮੀਤੂ ਨੇ ਦੱਸਿਆ ਕਿ ਉਹ ਇਹ ਹੈਰੋਇਨ ਗੁਰਦੀਪ ਸਿੰਘ ਉਰਫ ਦੀਪਾ ਪੁੱਤਰ ਮਹਿੰਦਰ ਸਿੰਘ ਵਾਸੀ ਮੀਓਵਾਲ ਥਾਣਾ ਬਿਲਗਾ ਪਾਸੋਂ ਲੈ ਕੇ ਆਇਆ ਹੈ। ਜਿਸ 'ਤੇ ਮੁਕੱਦਮਾ ਉਕਤ ਵਿਚ ਗੁਰਦੀਪ ਸਿੰਘ ਉਰਫ ਦੀਪਾ ਉਕਤ ਨੂੰ ਨਾਮਜ਼ਦ ਕੀਤਾ ਗਿਆ ਹੈ। ਉਸ ਨੂੰ ਜਲਦ ਗਿਰਫਤਾਰ ਕਰ ਲਿਆ ਜਾਵੇਗਾ।

ਕਿਸਾਨਾਂ ਨੂੰ ਕਣਕ ਦਾ ਬੀਜ ਉਪਲਬਧ ਨਹੀਂ ਹੋ ਰਿਹਾ- ਢੇਸੀ

ਫਿਲੌਰ (ਨਿਰਮਲ)- ਆਮ ਆਦਮੀ ਪਾਰਟੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੇਤੀਬਾੜੀ ਕਾਸ਼ਤਕਾਰ ਨੂੰ ਸਹੂਲਤਾਂ ਦੇਣ ਦਾ ਦਾਅਵਾ ਕਰ ਰਹੀ ਹੈ । ਖੇਤੀਬਾੜੀ ਵਿਭਾਗ ਵੱਲੋਂ ਕਣਕ ਦੇ ਬੀਜ ਲਈ ਸਬਸਿਡੀ ਫਾਰਮ ਭਰੇ ਗਏ ਹਨ । ਅੱਜ ਤੱਕ ਫਿਲੌਰ ਹਲਕੇ ਦੇ ਕਿਸਾਨਾਂ ਨੂੰ ਸਬਸਿਡੀ ਵਾਲਾ ਬੀਜ ਨਹੀਂ ਮਿਲਿਆ ਤੇ ਡਾਇਆ ਖਾਦ ਵੀ ਨਹੀਂ ਮਿਲ ਰਹੀ , ਜਿਸ ਨਾਲ ਕਿਸਾਨ ਖੱਜਲ ਖੁਆਰ ਹੋ ਰਹੇ ਹਨ । ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਤੇ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਸਮੇਂ ਸਿਰ ਬੀਜ ਮਿਲਦਾ ਸੀ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਜੀਤ ਸਿੰਘ ਢੇਸੀ ਪ੍ਰਧਾਨ ਬੀ.ਕੇ.ਯੂ ਦੋਆਬਾ ਜ਼ਿਲ੍ਹਾ ਜਲੰਧਰ ਨੇ ਕਰਦਿਆਂ ਕਿਹਾ ਕਿ ਕਿਸਾਨਾਂ ਨੇ ਕਣਕ ਦੀ ਬਿਜਾਈ ਸ਼ੁਰੂ ਕਰ ਦਿੱਤੀ ਹੈ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਕਣਕ ਦਾ ਬੀਜ ਉਪਲਬਧ ਕਰਵਾਏ , ਜਿਸ ਨਾਲ ਕਿਸਾਨ ਆਪਣੀ ਕਣਕ ਦੀ ਬਿਜਾਈ ਕਰ ਸਕਣ । ਇਸ ਮੌਕੇ ਸਤਪਿੰਦਰ ਸਿੰਘ ਨੰਬਰਦਾਰ, ਸੁਰਿੰਦਰਪਾਲ ਸਿੰਘ ਢੇਸੀ, ਯਾਦਵਿੰਦਰ ਸਿੰਘ, ਬਲਜੀਤ ਸਿੰਘ, ਬਲਵਿੰਦਰ ਸਿੰਘ ਖਹਿਰਾ , ਗੁਰਦੇਵ ਸਿੰਘ ਤੇਹਿੰਗ, ਕੁਲਦੀਪ ਸਿੰਘ ਜੌਹਲ, ਸੁਖਜੀਵਨ ਸਿੰਘ ਢੇਸੀ ਤੇ ਹੋਰ ਕਿਸਾਨ ਹਾਜ਼ਰ ਸਨ।

ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ

ਫਿਲੌਰ (ਨਿਰਮਲ)- ਫਿਲੌਰ ਦੇ ਨਜ਼ਦੀਕ ਪਿੰਡ ਖਹਿਰਾ-ਭੱਟੀਆਂ ਵਾਲੀ ਨਹਿਰ 'ਚੋਂ ਇਕ 30-32 ਸਾਲਾ ਕਲੀਨਸ਼ੇਵ ਵਿਅਕਤੀ ਦੀ ਲਾਸ਼ ਤੈਰਦੀ ਮਿਲੀ। ਪਿੰਡ ਸ਼ਾਹਪੁਰ ਦੇ ਵਸਨੀਕ ਸੰਨੀ ਨੇ ਲਾਸ਼ ਨੂੰ ਦੇਖ ਕੇ ਰੌਲਾ ਪਾਇਆ ਅਤੇ ਪਿੰਡ ਖਹਿਰਾ ਦੇ ਸਮਾਜ ਸੇਵਕ ਵਰਿੰਦਰ ਸਿੰਘ ਸਾਥੀਆਂ ਸਮੇਤ ਨਹਿਰ 'ਤੇ ਪੁੱਜੇ ਅਤੇ ਫਿਲੌਰ ਪੁਲਸ ਨੂੰ ਵੀ ਸੂਚਿਤ ਕੀਤਾ ਗਿਆ। ਥਾਣੇਦਾਰ ਵਿਜੈ ਕੁਮਾਰ ਸਾਥੀਆਂ ਨਾਲ ਨਹਿਰ 'ਤੇ ਪੁੱਜੇ ਅਤੇ ਲੋਕਾਂ ਦੀ ਮਦਦ ਨਾਲ ਲਾਸ਼ ਨੂੰ ਬਾਹਰ ਕੱਢਿਆ। ਮ੍ਰਿਤਕ ਪਰਵਾਸੀ ਮਜ਼ਦੂਰ ਜਾਪਦਾ ਹੈ, ਉਸ ਦੀ ਇਕ ਬਾਂਹ 'ਤੇ ਸੋਨੂੰ ਕੁਮਾਰ ਲਿਖਿਆ ਹੋਇਆ ਅਤੇ ਦੂਜੀ ਬਾਂਹ 'ਤੇ ਮਾਤਾ ਜੀ ਦੀ ਤਸਵੀਰ ਬਣੀ ਹੋਈ ਸੀ। ਲੋਕਾਂ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਕਾਫੀ ਸਮੇਂ ਤੋਂ ਨੰਗੀ ਹਾਲਤ ਵਿੱਚ ਇਧਰ ਉਧਰ ਘੁੰਮਦਾ ਦੇਖਿਆ। ਪੁਲਸ ਵੱਲੋਂ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਰੱਖ ਕੇ ਉਸ ਦੇ ਵਾਰਸਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਜ਼ੋਨਲ ਕਲਾ ਉਤਸਵ 'ਚ ਛੇ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੇ ਮੁਕਾਬਲੇ

ਹੁਸ਼ਿਆਰਪੁਰ, (ਓ.ਪੀ.ਰਾਣਾ)

ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ, ਪੰਜਾਬ ਦੀ ਰਹਿਨੁਮਾਈ ਵਿੱਚ ਅਤੇ ਗੁਰਸਰਨ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਹੁਸ਼ਿਆਰਪੁਰ ਦੀ ਅਗਵਾਈ ਵਿੱਚ ਪੰਜਾਬ ਦੇ ਛੇ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੇ ਆਜ਼ਾਦੀ ਦਾ 75 ਸਾਲਾ ਅਮ੍ਰਿਤ ਮਹਾਂਉਤਸਵ ਤਹਿਤ ਜ਼ੋਨ ਪੱਧਰੀ ਕਲਾ ਉਤਸਵ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਰਗੜ੍ਹ ਵਿਖੇ ਕਰਵਾਇਆ ਗਿਆ। ਉਤਸਵ ਦਾ ਉਦਘਾਟਨ ਗੁਰਸਰਨ ਸਿੰਘ ਜਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਹੁਸ਼ਿਆਰਪੁਰ ਵੱਲੋਂ ਦੀਪ ਰੌਸ਼ਨ ਕਰਕੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਇੰਜੀ. ਸੰਜੀਵ ਗੌਤਮ ਜਿਲ੍ਹਾ ਸਿੱਖਿਆ ਅਫਸਰ (ਐ. ਸਿੱ.) ਹੁਸ਼ਿਆਰਪੁਰ ਤੋਂ ਇਲਾਵਾ ਧੀਰਜ ਵਸ਼ਿਸ਼ਟ ਉਪ ਜਿਲ੍ਹਾ ਸਿੱਖਿਆ ਅਸਫਰ (ਸੈ. ਸਿੱ.) ਹਾਜ਼ਰ ਸਨ। ਇਸ ਮੌਕੇ ਗੁਰਸਰਨ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਨੇ ਸੰਬੋਧਨ ਕਰਦਿਆਂ ਕਲਾ ਉਤਸਵ ਦੇ ਪ੍ਰਬੰਧਾਂ ਲਈ ਪ੍ਰਿੰ. ਰਾਜਨ ਅਰੋੜਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਅਤੇ ਸਹਿ ਵਿੱਦਿਅਕ ਸਰਗਰਮੀਆਂ ਵਿਦਿਆਰਥੀ ਦੇ ਸ਼ਖਸੀਅਤ ਨੂੰ ਨਿਖਾਰਦੀਆਂ ਹਨ ਅਤੇ ਉਨ੍ਹਾਂ ਦੇ ਹੌਸਲੇ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਜ਼ੋਨਲ ਮੁਕਾਬਲੇ ਵਿੱਚ ਹੁਸ਼ਿਆਰਪੁਰ ਤੋਂ ਇਲਾਵਾ ਜਲੰਧਰ, ਨਵਾਂਸ਼ਹਿਰ, ਰੂਪਨਗਰ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ ਤੋਂ ਬੇਹੱਦ ਪ੍ਰਤਿਭਾਸ਼ਾਲੀ ਟੀਮਾਂ ਨੇ ਸ਼ਿਰਕਤ ਕੀਤੀ। ਇੰਜੀ. ਸੰਜੀਵ ਗੌਤਮ ਜ਼ਿਲ੍ਹਾ ਸਿੱਖਿਆ ਅਸਫਰ (ਐ. ਸਿੱ.) ਹੁਸ਼ਿਆਰਪੁਰ ਨੇ ਕਿਹਾ ਕਿ ਕਲਾ ਉਤਸਵ ਵਿੱਚ ਵਿਦਿਆਰਥੀਆਂ ਦਾ ਉਤਸ਼ਾਹ ਵੇਖਦਿਆਂ ਹੀ ਬਣਦਾ ਹੈ ਅਤੇ ਹਰ ਟੀਮ ਵੱਲੋਂ ਬੇਹੱਦ ਪ੍ਰਭਾਵਸ਼ਾਲੀ ਪੇਸ਼ਕਾਰੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹਨਾਂ ਮੁਕਾਬਲਿਆਂ ਵਿੱਚ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਕਲਾਸੀਕਲ ਡਾਂਸ , ਫੋਕ ਡਾਂਸ, ਸੋਲੋ ਐਕਟਿੰਗ, ਸੋਲੋ ਇਨਸਟਰੂਮੈਂਟ, ਪੇਂਟਿੰਗ , ਵਿਜੂਅਲ ਆਰਟ 2ਡੀ, 3ਡੀ, ਇੰਡੀਜੇਨੀਅਸ ਗੇਮਜ਼ ਐਂਡ ਗੇਮਜ਼, ਸੋਲੋ ਵੋਕਲ, ਕਲਾਸੀਕਲ ਗੀਤ, ਡਰਾਮਾ ਸੋਲੋ ਐਕਟਿੰਗ ਆਦਿ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਉੱਘੇ ਸੰਗੀਤਕਾਰ ਤੇ ਸਾਇਰ ਗੁਰਦੀਪ ਸਿੰਘ ਤੋਂ ਇਲਾਵਾ ਕ੍ਰਿਸ਼ਨ ਗੋਪਾਲ, ਮਨੋਜ ਦੱਤਾ, ਪ੍ਰਿੰ. ਡੀ. ਕੇ. ਸਰਮਾ, ਸਮਰਜੀਤ ਸਿੰਘ ਜ਼ਿਲ੍ਹਾ ਮੀਡੀਆ ਕੁਆਡੀਨੇਟਰ, ਯੋਗੇਸ਼ਵਰ ਸਲਾਰੀਆ ਸੋਸ਼ਲ ਮੀਡੀਆ ਕੁਆਡੀਨੇਟਰ, ਨੀਰਜ ਧੀਮਾਨ, ਰਜਨੀਸ਼ ਗੁਲਿਆਨੀ, ਸਤੀਸ਼ ਸ਼ਰਮਾ ਸਮਾਰਟ ਸਕੂਲ, ਦਲਜੀਤ ਸਿੰਘ ਡੀ. ਐਮ. ਸਪੋਰਟਸ, ਹਰਦੀਪ ਸਿੰਘ, ਰਾਜਵਿੰਦਰ ਸਿੰਘ ਆਦਿ ਹਾਜ਼ਰ ਸਨ।

ਮਾਤਾ ਗੁਜਰੀ ਖ਼ਾਲਸਾ ਕਾਲਜ ਦਾ ਜ਼ੋਨਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

ਕਰਤਾਰਪੁਰ, (ਹਰਮੇਸ਼ ਦੱਤ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਦਾ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀ.ਸੈ. ਸਕੂਲ ਵਿਖੇ ਸਿੱਖਿਆ ਵਿਭਾਗ ਦੁਆਰਾ ਜ਼ੋਨ ਪੰਜ ਦੇ ਅਥਲੈਟਿਕਸ ਖੇਡ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਇਹ ਖੇਡ ਮੁਕਾਬਲੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਦੇਖ-ਰੇਖ ਅਤੇ ਪ੍ਰੋ. ਰਾਜਬੀਰ

3-NOV-PAGE-10.qxd 11/2/2022 10:22 PM Page 1

ਮੁੱਖ ਮੰਤਰੀ ਭਗਵੰਤ ਮਾਨ ਦਾ ਸਿੱਖ ਜਥੇਬੰਦੀਆਂ ਨੇ ਕੀਤਾ ਵਿਰੋਧ

ਜਗਰਾਉਂ, (ਸੰਜੀਵ ਅਰੋੜਾ) ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ 'ਤੇ ਸਿੱਖ ਜਥੇਬੰਦੀਆਂ ਦੇ ਵਫ਼ਦ ਨੇ ਮੁੱਖ ਮੰਤਰੀ ਦਾ ਵਿਰੋਧ ਕੀਤਾ ਤੇ ਨਾਅਰੇਬਾਜ਼ੀ ਕੀਤੀ।

ਜਸਪਾਲ ਸਿੰਘ ਹੇਰਾਂ ਦੀ ਅਗਵਾਈ 'ਚ 253ਵੇਂ ਦਿਨ ਤੋਂ ਭੁੱਖ ਹੜਤਾਲ 'ਤੇ ਬੈਠੇ ਦੇਵ ਸਰਾਭਾ ਆਪਣੀ ਸਮੁੱਚੀ ਟੀਮ ਸਮੇਤ ਸਿਵਲ ਹਸਪਤਾਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਪਹੁੰਚੇ, ਪ੍ਰੰਤੂ ਪੁਲਿਸ ਵੱਲੋਂ ਮਿਲਣ ਨਹੀਂ ਦਿੱਤਾ ਗਿਆ, ਜਿਸ ਦਾ ਸਿੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਵਿਰੋਧ ਵੀ ਕੀਤਾ ਗਿਆ।

ਇਸ ਮੌਕੇ ਜਸਪਾਲ ਸਿੰਘ ਹੇਰਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ 'ਚ ਅੜਿੱਕਾ ਬਣ ਰਹੀ ਹੈ, ਕਿਉਂਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਜਾਣ ਬੁੱਝ ਕੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਇਲ ਦੱਬੀ ਬੈਠੇ ਹਨ।

ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਬੰਦੀ ਸਿੰਘ ਰਿਹਾਅ ਕਰਨ ਦੀ ਗੱਲ ਕੀਤੀ ਸੀ, ਪ੍ਰੰਤੂ ਉਹ ਅਜੇ ਤੱਕ ਰਿਹਾਅ ਨਹੀਂ ਹੋਏ, ਇਸ ਲਈ ਤੁਸੀਂ ਆਪ ਸਮਝ ਜਾਓ ਕੇ ਦੇਸ਼ ਦੀਆਂ ਹਿੰਦੂਤਵੀ ਸਰਕਾਰਾਂ ਸਿੱਖ ਕੈਦੀਆਂ ਨੂੰ ਕਦੇ ਰਿਹਾਅ ਨਹੀਂ ਕਰਨਗੀਆਂ। ਦੂਜੇ ਪਾਸੇ ਤੁਸੀਂ ਆਪ ਦੇਖ ਸਕਦੇ ਹੋ ਕਿ ਬਲਾਤਕਾਰੀ ਤੇ ਕਾਤਲ ਸੌਦਾ ਸਾਧ ਨੂੰ ਆਏ ਦਿਨ ਵੋਟਾਂ ਖਾਤਰ ਪੈਰੋਲਾਂ ਦੇ ਕੇ ਕਾਨੂੰਨ ਦੀਆਂ ਧੱਜੀਆਂ ਉਡਾਅ ਰਹੇ ਹਨ।

ਪਿਛਲੇ 253 ਦਿਨਾਂ ਤੋਂ ਅਸੀ ਭੁੱਖ ਹੜਤਾਲ 'ਤੇ ਬੈਠੇ ਹਾਂ, ਸਰਕਾਰ ਸਾਡੀ ਨਹੀਂ ਸੁਣ ਰਹੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਕਰ ਰਹੀਆਂ ਹਨ, ਪਰ ਸਰਕਾਰਾਂ ਜਿਨ੍ਹਾਂ 'ਤੇ ਬੇਅਦਬੀਆਂ ਕਰਨ ਦਾ ਦੋਸ਼ ਵੀ ਸਾਬਤ ਹੋ ਗਏ ਹਨ, ਉਹ ਜੇਲ੍ਹਾਂ ਤੱਕ ਵੀ ਪਹੁੰਚ ਗਏ ਹਨ।

ਪਰ ਸਰਕਾਰਾਂ ਉਨ੍ਹਾਂ ਨੂੰ ਵਾਰ-ਵਾਰ ਪੈਰੋਲ 'ਤੇ ਰਿਹਾਅ ਕਰਕੇ ਸਰਕਾਰਾਂ ਸਿੱਖਾਂ ਦੇ ਅੱਲ੍ਹੇ ਜ਼ਖ਼ਮਾਂ 'ਤੇ ਲੂਣ ਛਿੜਕ ਰਹੀਆਂ ਹਨ।

ਡੇਂਗੂ,ਮਲੇਰੀਆ ਤੋਂ ਬਚਾਅ ਲਈ ਸਿਹਤ ਵਿਭਾਗ ਦੀਆਂ ਗਤੀਵਿਧੀਆਂ ਜਾਰੀ

ਬਰੇਟਾ (ਗੀਤਵਾਲ) ਸਿਵਲ ਸਰਜਨ ਮਾਨਸਾ ਡਾ. ਹਰਿੰਦਰ ਕੁਮਾਰ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਬੁਢਲਾਡਾ ਡਾ. ਗੁਰਚੇਤਨ ਪ੍ਰਕਾਸ਼ ਦੀਆਂ ਹਦਾਇਤਾਂ ਤੇ ਨੈਸ਼ਨਲ ਵੈਕਟਰ ਬੌਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਦੀਆਂ ਗਤੀਵਿਧੀਆਂ ਲਗਾਤਾਰ ਜਾਰੀ ਹਨ।

ਸਿਹਤ ਵਿਭਾਗ ਡੇਂਗੂ ਮਲੇਰੀਆ ਨੂੰ ਲੈ ਕੇ ਮੁਸਤੈਦ ਨਜ਼ਰ ਆ ਰਿਹਾ ਹੈ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬਰੇਟਾ ਦੇ ਵਾਰਡ ਨੰ 2, ਧਰਮਪੁਰਾ, ਕਿਸ਼ਨਗੜ੍ਹ ਅਤੇ ਬਹਾਦਰਪੁਰ ਆਦਿ ਪਿੰਡਾਂ ਦੇ ਵੱਖ-ਵੱਖ ਘਰਾਂ ਵਿਚ ਜਾ ਕੇ ਕੂਲਰ, ਫਰਿਜ, ਗਮਲੇ ਅਤੇ ਪਾਣੀ ਖੜਨ ਵਾਲੀਆਂ ਥਾਂਵਾਂ ਦੀ ਜਾਂਚ ਕੀਤੀ ਗਈ ਤੇ ਲੋਕਾਂ ਨੂੰ ਡੇਂਗੂ/ਮਲੇਰੀਆ ਬਾਰੇ ਜਾਗਰੂਕ ਕੀਤਾ। ਇਸ ਬਾਰੇ ਵਿਸਥਾਰ ਵਿਚ ਦੱਸਦੇ ਹੋਏ ਮੈਡੀਕਲ ਅਫ਼ਸਰ ਡਾ. ਗੌਤਮ ਤੇ ਸਿਹਤ ਸੁਪਰਵਾਈਜ਼ਰ ਸਮਸ਼ੇਰ ਸਿੰਘ ਨੇ ਦੱਸਿਆ ਕਿ ਸਿਹਤ ਕਰਮਚਾਰੀ ਸੋਮੀ ਰਾਮ, ਬੂਟਾ ਸਿੰਘ, ਜਗਦੀਸ਼ ਰਾਏ, ਲਖਵੀਰ ਸਿੰਘ, ਪਰਮਜੀਤ, ਯਸ਼ਪਾਲ, ਮਨੋਜ ਕੁਮਾਰ ਤੇ ਪਰਵੀਨ ਕੁਮਾਰ ਨੇ ਲੋਕਾਂ ਨੂੰ ਇਸ ਸੰਬੰਧੀ ਜਾਣੂ ਕਰਾਇਆ ਅਤੇ ਦੱਸਿਆ ਕਿ ਡੇਂਗੂ, ਮਲੇਰੀਆਂ ਤੋਂ ਬਚਾਅ ਲਈ ਜ਼ਰੂਰੀ ਹੈ ਕਿ ਮੱਛਰ ਨੂੰ ਪੈਦਾ ਨਾ ਹੋਣ ਦਿੱਤਾ ਜਾਵੇ, ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਘਰਾਂ ਦੀਆਂ ਛੱਤਾਂ ਤੇ ਪਏ ਟੁੱਟੇ-ਫੁੱਟੇ ਬਰਤਨਾਂ ਨੂੰ ਮੂਧਾ ਮਾਰਨ ਜਾਂ ਨਸ਼ਟ ਕਰਨ, ਕੂਲ਼ਰ, ਫਰਿੱਜਾਂ ਦੀਆਂ ਟਰੇਆਂ ਅਤੇ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਰੱਖੇ ਗਏ ਬਰਤਨਾਂ ਨੂੰ ਹਫਤੇ 'ਚ ਇਕ ਦਿਨ ਖਾਲੀ ਕਰਕੇ ਸੁਕਾਉਣ ਲਈ ਲੋਕ ਜਾਗਰੂਕ ਹੋਣ ਤਾਂ ਜੁ ਇਨ੍ਹਾਂ ਬਰਤਨਾਂ ਵਿੱਚ ਪਾਣੀ ਇਕੱਠਾ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਘਰਾਂ ਦੇ ਆਲੇ-ਦੁਆਲੇ ਖੜੇ ਪਾਣੀ ਵਿੱਚ ਕਾਲਾ ਤੇਲ ਪਾਇਆ ਜਾਵੇ। ਇਸ ਸਮੇਂ ਬਰੀਡਰ ਚੈਕਰ ਗੁਰਦੀਪ ਸਿੰਘ, ਜਗਜੀਤ ਸਿੰਘ ਵੀ ਨਾਲ ਸਨ।

ਦੀਪਕ ਟੀਨੂੰ ਦਾ 8 ਦਿਨ ਦਾ ਮਿਲਿਆ ਰਿਮਾਂਡ

ਮਾਨਸਾ, (ਆਤਮਾ ਸਿੰਘ ਪਮਾਰ) ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤੇ ਗੈਂਗਸਟਰ ਦੀਪਕ ਟੀਨੂੰ ਦੇ ਤਤਕਾਲੀ ਸੀ.ਆਈ.ਏ ਸਟਾਫ ਦੇ ਇੰਚਾਰਜ ਪ੍ਰਿਤਪਾਲ ਸਿੰਘ ਦੀ ਅਣਗਹਿਲੀ ਕਾਰਨ ਫਰਾਰ ਹੋਣ ਉਪਰੰਤ ਟੀਨੂੰ ਨੂੰ ਮੁੜ ਦਿੱਲੀ ਪੁਲਸ ਵਲੋਂ ਗ੍ਰਿਫ਼ਤਾਰ ਕਰਨ ਉਪਰੰਤ ਮਾਨਸਾ ਪੁਲਸ ਵਲੋਂ ਦਿੱਲੀ ਪੁਲਸ ਤੋਂ ਟਰਾਂਜਿਟ ਰਿਮਾਂਡ ਤੇ ਮਾਨਸਾ ਲਿਆਂਦਾ ਗਿਆ, ਜਿਸ ਨੂੰ ਮਾਨਸਾ ਦੀ ਅਦਾਲਤ ਨੇ 8 ਦਿਨਾ ਪੁਲਸ ਰਿਮਾਂਡ ਦਿੱਤਾ ਹੈ।

ਦੀਪਕ ਟੀਨੂੰ ਦੇ ਪੁਲਸ ਦੀ ਗ੍ਰਿਫਤ ਵਿੱਚੋਂ ਫਰਾਰ ਹੋ ਜਾਣ ਤੋਂ ਬਾਅਦ ਬੇਸ਼ੱਕ ਸਬ ਇੰਸਪੈਕਟਰ ਪ੍ਰਿਤਪਾਲ ਸਿੰਘ ਨੂੰ ਬਰਖਾਸਤ ਕਰਕੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ, ਪਰ ਟੀਨੂੰ ਦੇ ਅਸਾਨੀ ਨਾਲ ਫਰਾਰ ਹੋਣ ਪਿੱਛੇ ਪੁਲਸ ਦੇ ਹੋਰ ਅਧਿਕਾਰੀਆਂ ਅਤੇ ਮੁਲਾਜਮਾਂ ਤੇ ਵੀ ਸਵਾਲ ਖੜੇ ਹੋ ਗਏ ਸਨ। ਹੁਣ ਮਾਨਸਾ ਪੁਲਸ ਪਤਾ ਲਾਏਗੀ ਕਿ ਦੀਪਕ ਟੀਨੂੰ ਪੁਲਸ ਦੀ ਮਿਲੀ ਭੁਗਤ ਨਾਲ ਫਰਾਰ ਹੋਇਆ ਜਾਂ ਪ੍ਰਿਤਪਾਲ ਸਿੰਘ ਨੂੰ ਉਸ ਦੀ ਸਰਕਾਰੀ ਰਿਹਾਇਸ਼ ਤੋਂ ਚਕਮਾ ਦੇ ਕੇ ਭੱਜਿਆ ਸੀ।

ਪੁਲਸ ਪ੍ਰਿਤਪਾਲ ਸਿੰਘ ਅਤੇ ਦੀਪਕ ਟੀਨੂੰ ਤੋਂ ਆਹਮਣੇ ਸਾਹਮਣੇ ਬਿਠਾ ਕੇ ਵੀ ਪੁੱਛਗਿੱਛ ਕਰ ਸਕਦੀ ਹੈ। ਇਸ ਪੂਰੇ ਮਾਮਲੇ ਵਿਚ ਟੀਨੂੰ ਨੇ ਪ੍ਰਿਤਪਾਲ ਸਿੰਘ ਨੂੰ ਕਿਸ ਤਰ੍ਹਾਂ ਆਪਣੇ ਜਾਲ ਵਿੱਚ ਫਸਾਇਆ ਅਤੇ ਕਿਸ ਤਰ੍ਹਾਂ ਪੂਰਾ ਤਾਣਾ-ਬਾਣਾ ਬੁਣਿਆ, ਮਾਨਸਾ ਪੁਲਸ ਲਈ ਇਹ ਸਭ ਕੁੱਝ ਅਜੇ ਵੀ ਇਕ ਬੁਝਾਰਤ ਬੁਝਾਰਤ ਬਣੀ ਹੋਈ ਹੈ। ਹਾਲਾਂਕਿ ਟੀਨੂੰ ਦੇ ਫੜੇ ਦੂਜੇ ਸਾਥੀਆਂ ਦੇ ਖੁਲਾਸੇ ਤੋਂ ਬਾਅਦ ਪ੍ਰਿਤਪਾਲ ਸਿੰਘ ਦੀਆਂ ਕਲੱਬਾਂ ਵਿਚ ਬਣੀਆਂ ਵੀਡੀਓ ਵੀ ਵਾਇਰਲ ਹੋਈਆਂ ਹਨ।

ਜੇਕਰ ਟੀਨੂੰ ਪ੍ਰਿਤਪਾਲ ਦੀ ਮਿਲੀਭੁਗਤ ਨਾਲ ਫਰਾਰ ਹੋਇਆ ਤਾਂ ਇਸ ਪਿੱਛੇ ਪੂਰੀ ਕਹਾਣੀ ਕੀ ਹੋ ਸਕਦੀ ਹੈ, ਟੀਨੂੰ ਦੇ ਮਿਲੇ 8 ਦਿਨਾ ਪੁਲਸ ਰਿਮਾਂਡ ਦੌਰਾਨ ਮਾਨਸਾ ਪੁਲਸ ਇਹ ਵੀ ਪਤਾ ਕਰੇਗੀ। ਉਸ ਦੇ ਫਰਾਰ ਹੋਣ ਨੂੰ ਲੈ ਕੇ ਬਹੁਚਰਚਿਤ ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਟੀਨੂੰ ਦੇ ਫਰਾਰ ਹੋਣ ਨੂੰ ਲੈ ਕੇ ਸੱਤਾਧਾਰੀ ਆਮ ਆਦਮੀ ਪਾਰਟੀ ਵੀ ਵਿਰੋਧੀਆਂ ਦੇ ਸਵਾਲਾਂ ਕਾਰਨ ਬੁਰੀ ਤਰ੍ਹਾਂ ਘਿਰ ਚੁੱਕੀ ਹੈ, ਜਿਸ 'ਤੇ ਮੁੱਖ ਮੰਤਰੀ ਵੀ ਬਿਆਨ ਦੇ ਚੁੱਕੇ ਹਨ ਕਿ ਮੂਸੇਵਾਲਾ ਕਤਲ ਕਾਂਡ ਵਿਚ ਪਰਿਵਾਰ ਨੂੰ ਪੂਰਾ ਇਨਸਾਫ ਮਿਲੇਗਾ ਅਤੇ ਬਾਕੀ ਰਹਿੰਦੇ ਦੋਸ਼ੀ ਵੀ ਛੇਤੀ ਹੀ ਸਲਾਖਾਂ ਦੇ ਪਿੱਛੇ ਹੋਣਗੇ।

ਐਸ.ਐਸ.ਪੀ ਗੌਰਵ ਤੂਰਾ ਨੇ ਦੱਸਿਆ ਕਿ ਦੀਪਕ ਟੀਨੂੰ ਦਾ ਅਦਾਲਤ ਪਾਸੋਂ ਪੁਲਸ ਨੂੰ 8 ਦਿਨਾਂ ਰਿਮਾਂਡ ਮਿਲਿਆ ਹੈ। ਜਿਸ ਦੌਰਾਨ ਉਸ ਤੋਂ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇ ਕੋਈ ਵੀ ਪੁਲਸ ਅਧਿਕਾਰੀ ਜਾਂ ਕਰਮਚਾਰੀ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਗੋਲ ਗੱਪਿਆਂ ਵਾਲੇ ਦੀ ਨਿਕਲੀ 10 ਲੱਖ ਦੀ ਲਾਟਰੀ

ਬੁਢਲਾਡਾ (ਅਸ਼ੋਕ ਲਾਕੜਾ) ਸਥਾਨਕ ਸ਼ਹਿਰ ਅੰਦਰ ਸਟੇਟ ਬੈਂਕ ਨਜ਼ਦੀਕ ਗੋਲ ਗੱਪਿਆਂ ਦੀ ਰੇਹੜੀ ਲਾਉਣ ਵਾਲੇ ਨੂੰ ਨਾਗਾਲੈਂਡ ਸਟੇਟ ਲਾਟਰੀ ਡੀਅਰ 100 ਸੁਪਰ ਸੋਮਵਾਰ ਵੀਕਲੀ ਲਾਟਰੀ ਦਾ ਪਹਿਲਾ ਇਨਾਮ 10 ਲੱਖ ਰੁਪਏ ਦਾ ਨਿਕਲਿਆ।

ਬੱਸ ਸਟੈਂਡ ਦੇ ਨਜ਼ਦੀਕ ਗਰਗ ਲਾਟਰੀ ਏਜੰਸੀ ਦੇ ਨਾਂਅ ਦੇ ਏਜੰਟ ਰਾਜ ਕੁਮਾਰ ਗਰਗ ਨੇ ਦੱਸਿਆ ਕਿ ਇਹ ਲਾਟਰੀ ਉਨ੍ਹਾਂ ਕੋਲੋਂ ਸ਼ਿਵਮ ਕੁਮਾਰ ਪੁੱਤਰ ਰਾਜੂ (ਗੋਲ ਗੱਪੇ ਵਾਲੇ) ਨੇ ਖਰੀਦ ਕੀਤੀ ਸੀ, ਜਿਸ ਨੂੰ 10 ਲੱਖ ਰੁਪਏ ਦਾ ਪਹਿਲਾ ਇਨਾਮ ਪ੍ਰਾਪਤ ਹੋਇਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾ 2015 'ਚ ਵਿਸਾਖੀ ਬੰਪਰ ਦਰਸ਼ਨ ਸਿੰਘ ਕੁਲਰੀਆਂ ਤੇ 1997 'ਚ ਵਿਸਾਖੀ ਬੰਪਰ ਅਸ਼ੋਕ ਕੁਮਾਰ ਨੂੰ 1 ਕਰੋੜ ਦਾ ਨਿਕਲਿਆ ਸੀ। ਅੱਜ ਗੋਲ ਗੱਪਿਆਂ ਵਾਲੇ ਦੇ ਘਰ ਖੁਸ਼ੀ ਦਾ ਮਾਹੌਲ ਨਜ਼ਰ ਆ ਰਿਹਾ ਸੀ। ਰਾਜੂ ਗੋਲ ਗੱਪੇ ਵਾਲੇ ਨੇ ਦੱਸਿਆ ਕਿ ਉਸਦਾ ਪੁੱਤਰ ਸ਼ਿਵਮ ਆਪਣੀ ਜੇਬ ਖਰਚ 'ਚੋਂ 100 ਰੁਪਏ ਦੀ ਲਾਟਰੀ ਲੈ ਕੇ ਆਇਆ ਸੀ, ਜਿਸ ਨੂੰ ਦੀਵਾਲੀ ਦਾ ਉਪਹਾਰ ਲਕਸ਼ਮੀ ਮਾਤਾ ਨੇ ਭੇਜਿਆ ਹੈ।

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਹੋਈ ਮੀਟਿੰਗ

ਪਟਿਆਲਾ (ਪੱਤਰ ਪ੍ਰੇਰਕ) ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਸਬ ਕਮੇਟੀ ਆਬਕਾਰੀ ਤੇ ਕਰ ਵਿਭਾਗ ਪੰਜਾਬ ਦੀ ਜਨਰਲ ਮੀਟਿੰਗ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੀ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਤੇ ਪਟਿਆਲਾ ਸ਼ਹਿਰੀ ਪ੍ਰਧਾਨ ਰਾਮ ਲਾਲ ਰਾਮਾ ਨੇ ਕੀਤੀ।

ਇਸ ਮੌਕੇ ਫੈਡਰੇਸ਼ਨ ਆਗੂ ਪ੍ਰਕਾਸ਼ ਸਿੰਘ ਲੁਬਾਣਾ ਵੀ ਮੌਜੂਦ ਰਹੇ। ਮੀਟਿੰਗ ਵਿੱਚ ਆਬਕਾਰੀ ਤੇ ਕਰ ਵਿਭਾਗ ਦੇ ਚੌਥਾ ਦਰਜਾ ਕਰਮਚਾਰੀਆਂ ਦੀਆਂ ਮੰਗਾਂ ਜਿਵੇਂ ਕਿ ਲੰਮੇ ਸਮੇਂ ਤੋਂ ਵਿਭਾਗ ਦੇ ਮ੍ਰਿਤਕ ਚੌਥਾ ਦਰਜਾ ਕਰਮਚਾਰੀਆਂ ਦੇ ਆਸ਼ਰਿਤ ਮੈਂਬਰਜ਼ ਨੂੰ ਨੌਕਰੀਆਂ ਦੇਣ ਦੇ ਮਾਮਲੇ ਪਿਛਲੇ ਛੇ ਸੱਤ ਸਾਲਾਂ ਤੋਂ ਲਮਕਾ ਅਵਸਥਾ ਪੈਣ, ਵਿਦਿਅਕ ਯੋਗਤਾ ਰੱਖਦੇ ਕਰਮਚਾਰੀਆਂ ਨੂੰ ਤਰੱਕੀਆਂ ਨਾ ਦੇਣ, ਅਧਿਕਾਰੀਆਂ ਦੀਆਂ ਤੇ ਹੋਰ ਕੈਟਾਗਰੀਜ਼ ਦੀਆਂ ਅਸਾਮੀਆਂ ਵਿੱਚ ਦੋ ਗੁਣਾ ਵਾਧਾ ਹੋਣ ਤੇ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਅਸਾਮੀਆਂ ਵਿੱਚ ਵਾਧਾ ਨਾ ਦੇਣ ਤੇ ਸੇਵਾ ਨਵਿਰਤੀ ਉਪਰੰਤ ਨਵੀਂ ਭਰਤੀ ਨਾ ਕਰਨ ਸਮੇਤ ਕੰਟਰੈਕਟ, ਆਊਟ ਸੋਰਸ, ਪਾਰਟ ਟਾਇਮ ਕਾਮਿਆਂ ਨੂੰ ਰੈਗੂਲਰ ਕਰਨ ਤੇ ਵਗਾਰ ਪ੍ਰਥਾ ਦਾ ਖਾਤਮਾ ਕਰਨ ਵਰਗੇ ਇਸ਼ੂ ਵਿਚਾਰੇ ਗਏ ਅਤੇ ਮੌਕੇ 'ਤੇ ਫੈਸਲਾ ਕਰਕੇ ਰਾਜ ਕਰ ਕਮਿਸ਼ਨਰ ਨੂੰ 15 ਦਿਨਾ ਦਾ ਨੋਟਿਸ ਦੇ ਕੇ ਮੰਗਾਂ ਦਾ ਨਿਪਟਾਰਾ ਕਰਨ ਦੀ ਮੰਗ ਕੀਤੀ ਗਈ। ਜਨਰਲ ਮੀਟਿੰਗ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਕਰ ਤੇ ਆਬਕਾਰੀ ਦਫ਼ਤਰਾਂ ਤੋਂ ਆਏ ਚੌਥਾ ਦਰਜਾ ਮੁਲਾਜ਼ਮਾਂ ਨੇ ਸਟੇਟ ਸਬ ਕਮੇਟੀ ਦਾ ਪੁਨਰ ਗਠਨ ਕੀਤਾ, ਜਿਸ ਵਿੱਚ ਸਰਵ ਸੰਮਤੀ ਨਾਲ ਚੇਅਰਮੈਨ ਵੈਦ ਪ੍ਰਕਾਸ਼, ਉਪ ਚੇਅਰਮੈਨ ਸੋਹਨ ਸਿੰਘ, ਪ੍ਰਧਾਨ ਮੱਖਣ ਸਿੰਘ (ਪਟਿਆਲਾ), ਸੀਨੀਅਰ ਮੀਤ ਪ੍ਰਧਾਨ ਕਿਸ਼ਨ ਗੋਪਾਲ (ਲੁਧਿਆਣਾ), ਸੀਨੀਅਰ ਮੀਤ ਪ੍ਰਧਾਨ ਨਰੇਸ਼ ਕੁਮਾਰ (ਜਲੰਧਰ), ਮੀਤ ਪ੍ਰਧਾਨ ਗੁਰਜਿੰਦਰ ਸਿੰਘ (ਬਠਿੰਡਾ), ਜਨਰਲ ਸਕੱਤਰ ਮੇਘਰਾਜ (ਪਟਿਆਲਾ), ਸਹਾਇਕ ਸਕੱਤਰ ਗੁਰਮੀਤ ਸਿੰਘ (ਲੁਧਿਆਣਾ), ਮੁੱਖ ਸਲਾਹਕਾਰ ਗਰੀਸ਼ (ਪਟਿਆਲਾ), ਖ਼ਜ਼ਾਨਚੀ ਪ੍ਰਮੋਦ ਕੁਮਾਰ (ਪਟਿਆਲਾ) ਰਹਿੰਦੇ ਆਹੁਦੇਦਾਰਾਂ ਨੂੰ ਸ਼ਾਮਲ ਕਰਨ ਦਾ ਅਧਿਕਾਰ ਉਪਰੋਕਤ ਚੁਣੀ ਕਮੇਟੀ ਨੂੰ ਦਿੱਤਾ ਗਿਆ।

ਸਾਹੋਕੇ ਦੇ ਸਰਪੰਚ ਤੇ ਪੰਚ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਲ

ਮੋਗਾ (ਅਮਰਜੀਤ ਬੱਬਰੀ)-ਪਿੰਡ ਸਾਹੋਕੇ ਦੇ ਸਰਪੰਚ ਗੋਬਿੰਦ ਸਿੰਘ ਨੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਹੈ। ਹਲਕਾ ਵਿਧਾਇਕ ਅਮ੍ਰਿਤਪਾਲ ਸਿੰਘ ਸੁਖਾਨੰਦ ਨੇ ਉਨ੍ਹਾਂ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਕੀਤਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਦੇ ਸਮਰਥਕ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਵਿਧਾਇਕਾ ਸੁਖਾਨੰਦ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਕੀਤੇ ਹੋਏ ਕੰਮਾਂ ਨੂੰ ਗਿਣਾਇਆ। ਉਨ੍ਹਾਂ ਨੇ ਕਿਹਾ ਕਿ ਸਾਡੇ ਕੰਮ ਕਰਨ ਦਾ ਸਟਾਈਲ ਕਾਂਗਰਸ, ਬੀਜੇਪੀ, ਅਕਾਲੀ ਦਲ ਨਾਲੋਂ ਵੱਖਰਾ ਹੈ। ਪੰਜਾਬ ਦੇ ਕਈ ਵੱਡੇ ਮੁੱਦੇ ਹਨ, ਜਿਵੇਂ ਨਸ਼ਿਆਂ ਦਾ ਮੁੱਦਾ ਹੈ, ਇਸ ਨੂੰ ਸਾਫ਼ ਕਰਨ ਵਿੱਚ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪੰਜਾਬ ਬਣਾਉਣ ਦੀ ਜੰਗ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਸ਼ੁਰੂ ਹੋਈ ਹੈ। ਸਰਕਾਰ ਬਣਨ ਦੇ ਮਹਿਜ 6 ਮਹੀਨਿਆਂ ਵਿੱਚ ਹੀ ਸਰਕਾਰ ਨੇ ਜਨਤਾ ਦੇ ਹਿੱਤ ਵਿੱਚ ਕਈ ਇਤਿਹਾਸਕ ਫੈਸਲੇ ਲਏ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਆਪਣੇ ਚੋਣ ਵਾਅਦੇ ਅਨੁਸਾਰ 20,000 ਨੌਕਰੀਆਂ ਦਿੱਤੀਆਂ ਹਨ ਤੇ 9000 ਠੇਕਾ ਮੁਲਾਜ਼ਮਾਂ ਨੂੰ ਪੱਕੇ ਕੀਤਾ ਹੈ। ਸਰਕਾਰ ਨੇ ਪਹਿਲੀ ਵਾਰ ਮੂੰਗੀ ਦੀ ਫ਼ਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਹੈ। ਗੰਨਾ ਕਾਸ਼ਤਕਾਰਾਂ ਦੇ ਲੰਮੇ ਸਮੇਂ ਤੋਂ ਬਕਾਇਆ ਪਏ ਬਕਾਏ ਵੀ ਭੁਗਤਾਅ ਦਿੱਤੇ ਗਏ ਹਨ ਤੇ ਡਿਫਾਲਟਰ ਖੰਡ ਮ

3-Nov-PAGE-11.qxd 11/2/2022 10:35 PM Page 1

ਹਰੇਕ ਕੈਦੀ ਨੂੰ ਉਸ ਦੇ ਕੇਸ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਵਾਏਗੀ ਕਾਨੂੰਨੀ ਸੇਵਾ ਅਥਾਰਟੀ: ਜ਼ਿਲ੍ਹਾ ਸੈਸ਼ਨ ਜੱਜ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)

ਜਿਲ੍ਹਾ ਤੇ ਸ਼ੈਸ਼ਨ ਜੱਜ ਹਰਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਅਸੀਂ ਜੇਲ੍ਹ ਵਿੱਚ ਬੰਦ ਹਰੇਕ ਕੈਦੀ ਅਤੇ ਹਵਾਲਾਤੀ ਨੂੰ ਉਸ ਦੇ ਕੇਸ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਵਾਉਣ ਦਾ ਉਪਰਾਲਾ ਸ਼ੁਰੂ ਕੀਤਾ ਹੈ, ਜਿਸ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਵਲੰਟੀਅਰ ਅਤੇ ਅੰਮ੍ਰਿਤਸਰ ਲਾਅ ਕਾਲਜ ਦੇ ਵਿਦਿਆਰਥੀ ਕੇਂਦਰੀ ਜੇਲ੍ਹ ਵਿੱਚ ਜਾ ਕੇ ਹਰੇਕ ਕੈਦੀ ਦੀ ਜਾਣਕਾਰੀ ਇਕੱਤਰ ਕਰਨਗੇ ਅਤੇ ਉਨਾਂ 'ਤੇ ਚੱਲ ਰਹੇ ਕੇਸ ਦੀ ਜਾਣਕਾਰੀ ਉਨਾਂ ਨੂੰ ਦੇਣਗੇ। ਸ਼੍ਰੀਮਤੀ ਰੰਧਾਵਾ ਨੇ ਦੱਸਿਆ ਕਿ ਜੇਲ੍ਹ ਵਿੱਚ ਤਕਰੀਬਨ 3300 ਕੈਦੀ ਅਤੇ ਹਵਾਲਾਤੀ ਹਨ। ਉਨ੍ਹਾਂ ਦੱਸਿਆ ਕਿ ਅਕਸਰ ਇਹ ਵੇਖਿਆ ਜਾਂਦਾ ਹੈ ਕਿ ਕਈ ਹਵਾਲਾਤੀਆਂ ਨੂੰ ਉਨਾਂ ਉੱਪਰ ਚੱਲ ਰਹੇ ਕੇਸ ਦੀ ਮੁੱਢਲੀ ਜਾਣਕਾਰੀ ਵੀ ਨਹੀਂ ਹੁੰਦੀ ਕਿ ਉਹ ਕਿਸ ਜੁਰਮ ਵਿੱਚ ਜੇਲ੍ਹ ਵਿੱਚ ਹਨ ਅਤੇ ਉਨਾਂ ਦਾ ਕੇਸ ਕਿਹੜੇ ਪੜਾਅ ਉੱਤੇ ਚੱਲ ਰਿਹਾ ਹੈ। ਇਸ ਤੋਂ ਇਲਾਵਾ ਉਨਾਂ ਦੇ ਪਰਿਵਾਰ ਵਲੋਂ ਜਾਂ ਕਿਸੇ ਹੋਰ ਸੰਗੀ ਸਾਥੀ ਵਲੋਂ ਉਸ ਦੇ ਕੇਸ ਦੀ ਪੈਰਵੀ ਲਈ ਕੋਈ ਵਕੀਲ ਕੀਤਾ ਗਿਆ ਹੈ ਜਾਂ ਨਹੀਂ। ਉਸ ਵਕੀਲ ਨੇ ਉਸ ਦੀ ਜ਼ਮਾਨਤ ਅਰਜ਼ੀ ਲਗਾਈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਰਾਸ਼ਟਰੀ ਕਾਨੂੰਨੀ ਸੇਵਾ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾ ਅਨੁਸਾਰ ਵਕੀਲਾਂ ਅਤੇ ਲਾਅ ਵਿਦਿਆਰਥੀਆਂ ਦੀਆਂ ਟੀਮਾਂ ਬਣਾ ਕੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਭੇਜੀਆਂ ਜਾ ਰਹੀਆਂ ਹਨ, ਜੋ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕੇਸਾਂ ਦੀ ਸਥੀਤੀ ਅਤੇ ਕੇਸ ਸਬੰਧੀ ਹੋਰ ਤੱਥਾਂ ਪ੍ਰਤੀ ਜਾਣੂ ਕਰਵਾਉਣਗੀਆਂ। ਇਸ ਦੇ ਨਾਲ ਹੀ ਹਵਾਲਾਤੀਆਂ ਅਤੇ ਕੈਦੀਆਂ ਨੂੰ ਵੀ ਬਣਾ ਕੇ ਦਿੱਤੇ ਜਾਣਗੇ ਤਾਂ ਜੋ ਉਨ੍ਹਾਂ ਨੂੰ ਆਪਣੇ ਕੇਸ ਪ੍ਰਤੀ ਸਹੀ ਜਾਣਕਾਰੀ ਹੋਵੇ ਅਤੇ ਜੋ ਹਵਾਲਾਤੀ ਜਾਂ ਕੈਦੀ ਆਪਣੇ ਕੇਸ ਦੀ ਪੈਰਵਾਈ ਲਈ ਵਕੀਲ ਨਹੀ ਨਿਯੁਕਤ ਕਰ ਸਕਦੇ, ਉਹਨਾਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵਲੋਂ ਮੁਫਤ ਵਕੀਲ ਦੀਆਂ ਸੇਵਾਵਾਂ ਵੀ ਪ੍ਰਦਾਨ ਕੀਤੀਆ ਜਾਣ ਗਿਆ। ਇਸ ਮੌਕੇ ਪੁਸ਼ਪਿੰਦਰ ਸਿੰਘ ਚੀਫ ਜੂਡੀਸ਼ਿਅਲ ਮੈਜਿਸਟ੍ਰੇਟ, ਅੰਮ੍ਰਿਤਸਰ ਵੀ ਹਾਜ਼ਰ ਸਨ।

ਪੇਂਡੂ ਸੰਪਰਕ ਸੜਕਾਂ ਦੇ ਬਰਮਾਂ 'ਤੇ ਮਿੱਟੀ ਪਾਉਣ ਦਾ ਕੰਮ ਤੇਜ਼ ਕਰਨ ਦੀਆਂ ਹਦਾਇਤਾਂ ਜਾਰੀ

ਗੁਰਦਾਸਪੁਰ, (ਜਨਕ ਮਹਾਜਨ)

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਮਨਰੇਗਾ ਯੋਜਨਾ ਤਹਿਤ ਪੇਂਡੂ ਸੰਪਰਕ ਸੜਕਾਂ ਦੇ ਬਰਮਾਂ 'ਤੇ ਮਿੱਟੀ ਪਾਉਣ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਸੜਕਾਂ ਚੌੜੀਆਂ ਹੋਣ ਨਾਲ ਰਾਹਗੀਰਾਂ ਨੂੰ ਸਹੂਲਤ ਮਿਲਣ ਦੇ ਨਾਲ ਸੜਕੀ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਣਕ ਦੀ ਫਸਲ ਦੀ ਬਿਜਾਈ ਤੋਂ ਪਹਿਲਾਂ ਪਹਿਲ ਦੇ ਅਧਾਰ 'ਤੇ ਇਸ ਕੰਮ ਨੂੰ ਨੇਪਰੇ ਚਾੜਿਆ ਜਾਵੇ। ਡਿਪਟੀ ਕਮਿਸ਼ਨਰ ਅੱਜ ਆਪਣੇ ਦਫ਼ਤਰ ਵਿੱਚ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਵਿਭਾਗ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮੀਟਿੰਗ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਬਣੀਆਂ ਪਾਰਕਾਂ ਅਤੇ ਥਾਪਰ ਮਾਡਲ ਤਹਿਤ ਵਿਕਸਤ ਕੀਤੇ ਛੱਪੜਾਂ ਨੂੰ ਖੂਬਸੂਰਤ ਦਿੱਖ ਦਿੱਤੀ ਜਾਵੇ ਤਾਂ ਜੋ ਪਿੰਡਾਂ ਦੇ ਲੋਕ ਇਨ੍ਹਾਂ ਥਾਵਾਂ ਨੂੰ ਸੈਰ ਅਤੇ ਬੱਚੇ ਖੇਡਾਂ ਲਈ ਵਰਤ ਸਕਣ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਿੰਡਾਂ ਦੀ ਪਾਰਕਾਂ ਵਿੱਚ ਆਪਣੀਆਂ ਗਤੀਵਿਧੀਆਂ ਕਰਿਆ ਕਰਨ ਤਾਂ ਜੋ ਪਾਰਕਾਂ ਦੀ ਸਾਫ਼-ਸਫ਼ਾਈ ਤੇ ਰੱਖ-ਰਖਾਵ ਹੁੰਦਾ ਰਹੇ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਪਰਮਜੀਤ ਕੌਰ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੰਦੀਪ ਮਲਹੋਤਰਾ ਨੇ ਪੰਚਾਇਤ ਵਿਭਾਗ ਦੀ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਜ਼ਿਲ੍ਹੇ ਵਿੱਚ ਹੋ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ ਅਤੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਬੀ. ਡੀ. ਪੀ. ਓਜ਼ ਹਾਜ਼ਰ ਸਨ।

ਸਿੱਖਿਆ ਵਿਭਾਗ ਦੇ ਦੋ ਅਧਿਕਾਰੀਆਂ ਸਣੇ ਚਾਰ ਗ੍ਰਿਫ਼ਤਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਚੱਲ ਰਹੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਸਿੱਖਿਆ ਵਿਭਾਗ ਦੇ ਦੋ ਅਧਿਕਾਰੀਆਂ ਸਮੇਤ ਦੋ ਨਿੱਜੀ ਵਿਅਕਤੀਆਂ ਨੂੰ ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (ਆਰਐੱਮਐੱਸਏ) ਤਹਿਤ ਪ੍ਰਾਪਤ ਹੋਏ 10,01,120 ਰੁਪਏ ਦੇ ਫੰਡਾਂ ਦਾ ਗਬਨ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਉਕਤ ਮਾਮਲੇ ਦੇ ਸਬੰਧ ਵਿਚ ਰਾਕੇਸ਼ ਗੁਪਤਾ, ਪ੍ਰਿੰਸੀਪਲ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ ਗੁਰਦਾਸਪੁਰ, ਹੁਣ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭਾਗੋਵਾਲ, ਗੁਰਦਾਸਪੁਰ, ਰਾਮਪਾਲ ਲੈਕਚਰਾਰ ਸਰਕਾਰੀ ਇਨ-ਸਰਵਿਸ ਸਿਖਲਾਈ ਕੇਂਦਰ ਗੁਰਦਾਸਪੁਰ, ਹੁਣ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥਲੋਰ ਜ਼ਿਲਾ ਪਠਾਨਕੋਟ ਵਿਖੇ ਤਾਇਨਾਤ, ਕ੍ਰਿਸ਼ਨਾ ਟੈਂਟ ਹਾਊਸ ਦੇ ਮਾਲਕ ਜਤਿੰਦਰ ਕੁਮਾਰ ਅਤੇ ਸਿਗਮਾ ਡੈਕੋਰੇਟ ਨਾਂ ਦੀ ਫਰਮ ਦੇ ਮਾਲਕ, ਤਾਰਾਗੜ੍ਹ ਦੇ ਮੁਕੇਸ਼ ਮਹਾਜਨ ਵਿਰੁੱਧ ਐੱਫਆਈਆਰ 14, ਮਿਤੀ 01-11-2022 ਨੂੰ ਆਈਪੀਸੀ ਦੀ ਧਾਰਾ 409, 420, 467, 468, 471, 120-ਬੀ ਤਹਿਤ ਈ. ਓ. ਡਬਲਯੂ. ਵਿੰਗ, ਲੁਧਿਆਣਾ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਦੌਰਾਨ ਪਾਇਆ ਗਿਆ ਕਿ ਉਕਤ ਇਨ-ਸਰਵਿਸ ਟਰੇਨਿੰਗ ਸੈਂਟਰ ਗੁਰਦਾਸਪੁਰ ਨੂੰ ਸਿਖਲਾਈ ਲਈ ਰਮਸਾ ਸਕੀਮ ਅਧੀਨ ਉਕਤ ਗ੍ਰਾਂਟ ਪ੍ਰਾਪਤ ਹੋਈ ਸੀ। ਉਕਤ ਸਕੀਮ ਤਹਿਤ ਰਾਕੇਸ਼ ਗੁਪਤਾ ਪ੍ਰਿੰਸੀਪਲ ਅਤੇ ਲੈਕਚਰਾਰ ਰਾਮਪਾਲ ਨੇ ਹੋਰਨਾਂ ਨਾਲ ਮਿਲ ਕੇ ਫੰਡ ਹੜੱਪਣ ਲਈ ਫਰਜ਼ੀ ਫਰਮਾਂ ਦੇ ਜਾਅਲੀ ਬਿੱਲ ਤਿਆਰ ਕੀਤੇ। ਦੋਸ਼ੀਆਂ ਨੇ ਸਰਕਾਰੀ ਪੈਸੇ ਨੂੰ ਆਪਣੇ ਨਿੱਜੀ ਬੈਂਕ ਖਾਤੇ ਵਿੱਚ ਟਰਾਂਸਫਰ ਕਰਕੇ ਅਤੇ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ, ਕੁਰਸੀਆਂ, ਮੇਜ਼, ਟੈਂਟ ਅਤੇ ਹੋਰ ਕਿਰਾਏ 'ਤੇ ਲੈਣ ਲਈ ਜਾਰੀ ਕੀਤੇ ਕੁੱਲ 10,01,120 ਰੁਪਏ ਦੇ ਫੰਡਾਂ ਦਾ ਗਬਨ ਕਰਕੇ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਇਸ ਜਾਂਚ ਪੜਤਾਲ ਦੇ ਆਧਾਰ 'ਤੇ ਇਹ ਪਾਇਆ ਗਿਆ ਕਿ ਉਕਤ ਦੋਸ਼ੀਆਂ ਨੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਇਸ ਸਬੰਧੀ ਬਿਊਰੋ ਨੇ ਉਕਤ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਚੌਕ 'ਚ ਗੋਲ ਚੱਕਰ ਬਣਾਉਣ ਲਈ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)

ਪੱਟੀ ਮੋੜ ਚੂਸਲੇਵੜ 'ਚ ਚੁਰੱਸਤੇ 'ਚ ਆਵਾਜਾਈ ਬਹੁਤ ਜ਼ਿਆਦਾ ਹੈ। ਹਰ ਰੋਜ਼ ਐਕਸੀਡੈਂਟ ਹੋ ਰਹੇ ਹਨ। ਹਾਦਸਿਆਂ ਨੂੰ ਰੋਕਣ ਲਈ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ ਚੂਸਲੇਵੜ ਤੇ ਮਜ਼ਦੂਰਾਂ ਦੇ ਆਗੂ ਧਰਮ ਸਿੰਘ ਪੱਟੀ ਦੀ ਅਗਵਾਈ ਵਿੱਚ ਐੱਸਡੀਐੱਮ ਪੱਟੀ ਨੂੰ ਚੂਸਲੇਵੜ ਚੌਕ ਵਿੱਚ ਗੋਲ ਚੱਕਰ ਬਣਾਉਣ ਸਬੰਧੀ ਇਲਾਕੇ ਦੇ ਸੈਂਕੜੇ ਲੋਕਾਂ ਦੇ ਦਸਤਖਤਾਂ ਵਾਲਾ ਮੰਗ ਪੱਤਰ ਦਿੱਤਾ। ਲੋਕਾਂ ਨੇ ਮੌਕੇ 'ਤੇ ਦੱਸਿਆ ਕਿ ਪਹਿਲਾਂ ਇਥੇ ਗੋਲ ਚੱਕਰ ਹੁੰਦਾ ਸੀ। ਹਰੀਕੇ ਖਾਲੜਾ ਸੜਕ ਦੇ ਨਵੀਨੀਕਰਨ ਮੌਕੇ ਠੇਕੇਦਾਰ ਨੇ ਇਹ ਚੱਕਰ ਢਾਹ ਦਿੱਤਾ। ਇਹ ਚੌਕ ਹੁਣ ਲੋਕਾਂ ਦੀ ਜਾਨ ਦਾ ਖੌਅ ਬਣਿਆ ਹੋਇਆ ਹੈ। ਗੋਲ ਚੱਕਰ ਨਾ ਹੋਣ ਕਾਰਨ ਕੀਮਤੀ ਜਾਨਾਂ ਮੌਤ ਦੇ ਮੂੰਹ ਵਿਚ ਜਾ ਰਹੀਆਂ ਹਨ। ਮੁੱਠਿਆਂ ਵਾਲਾ ਪੁਲ ਬਣਨ ਅਤੇ ਰੇਲਵੇ ਪੁਲ ਬਣਨ ਨਾਲ ਆਸਪਾਸ ਸਕੂਲ/ਕਾਲਜ ਹੋਣ ਕਾਰਨ ਖਤਰੇ ਹੋਰ ਵਧ ਗਏ ਹਨ। ਐੱਸਡੀਐੱਮ ਨੇ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਜ ਸਿੰਘ ਬਾਹਮਣੀ ਵਾਲਾ, ਬਲਬੀਰ ਸਿੰਘ ਚੀਮਾ, ਸੁਖਚੈਨ ਸਿੰਘ, ਬਲਦੇਵ ਸਿੰਘ, ਰਣਜੀਤ ਸਿੰਘ, ਗੁਰਸੇਵਕ ਸਿੰਘ ਆਦਿ ਇਲਾਕਾ ਨਿਵਾਸੀ ਹਾਜ਼ਰ ਸਨ।

ਕਾਮਰੇਡ ਜਗਜੀਤ ਸਿੰਘ ਔਜਲਾ ਦੀ ਸੜਕ ਹਾਦਸੇ 'ਚ ਮੌਤ, ਸੰਸਕਾਰ ਅੱਜ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਜ਼ਿਲ੍ਹਾ ਗੁਰਦਾਸਪੁਰ ਦੇ ਸਾਬਕਾ ਕੌਂਸਲ ਮੈਂਬਰ ਤੇ ਬਲਾਕ ਗੁਰਦਾਸਪੁਰ ਦੇ ਸਾਬਕਾ ਸਕੱਤਰ ਕਾਮਰੇਡ ਜਗਜੀਤ ਸਿੰਘ ਔਜਲਾ (77) ਦਾ ਇਕ ਸੜਕ ਹਾਦਸੇ 'ਚ ਗੰਭੀਰ ਜ਼ਖਮੀ ਹੋ ਜਾਣ ਮਗਰੋਂ ਦਿਹਾਂਤ ਹੋ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਔਜਲਾ (ਜ਼ਿਲ੍ਹਾ ਗੁਰਦਾਸਪੁਰ) ਦੇ ਸ਼ਮਸ਼ਾਨਘਾਟ ਵਿੱਚ 3 ਨਵੰਬਰ ਦਿਨ ਵੀਰਵਾਰ ਨੂੰ ਦੁਪਹਿਰ 12 ਤੋਂ 1 ਵਜੇ ਦੇ ਦਰਮਿਆਨ ਹੋਵੇਗਾ। ਦੱਸਣਯੋਗ ਹੈ ਕਿ ਕਾਮਰੇਡ ਜਗਜੀਤ ਸਿੰਘ ਔਜਲਾ ਇਕ ਬਹੁਤ ਇਮਾਨਦਾਰ, ਦਿਆਨਤਦਾਰ ਅਤੇ ਕਮਿਊਨਿਸਟ ਪਾਰਟੀ ਨਾਲ ਵਿਰਾਸਤ ਤੋਂ ਹੀ ਜੁੜੇ ਹੋਏ ਰਹੇ ਅਤੇ ਉਹ ਮਹਾਨ ਦੇਸ਼ ਭਗਤ ਤੇਜਾ ਸਿੰਘ ਸੁਤੰਤਰ ਦੇ ਨਜ਼ਦੀਕੀ ਸਾਥੀ ਕਾਮਰੇਡ ਮੋਹਨ ਸਿੰਘ ਔਜਲਾ ਦੇ ਵੱਡੇ ਸਪੁੱਤਰ ਸਨ। ਉਹ ਨਿਧੜਕ ਤੇ ਲੋਕਾਂ ਵਿੱਚ ਸਤਿਕਾਰੇ ਜਾਣ ਵਾਲੇ ਆਗੂ ਸਨ। ਕਾਮਰੇਡ ਜਗਜੀਤ ਸਿੰਘ ਔਜਲਾ ਦੇ ਭਰਾ ਐਡਵੋਕੇਟ ਦਵਿੰਦਰ ਸਿੰਘ ਔਜਲਾ, ਪੁੱਤਰ ਨਵਤੇਜ ਸਿੰਘ ਅਤੇ ਭਤੀਜੇ ਕਾਮਰੇਡ ਹਰਚਰਨ ਸਿੰਘ ਪਿੰਕਾ ਤੇ ਭਤੀਜਾ ਆਦੇਸ਼ ਪ੍ਰਤਾਪ ਸਿੰਘ ਆਦਿ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕੇਂਦਰ ਸਰਕਾਰ ਦੁਆਰਾ ਚਲਾਏ ਜਾ ਰਹੇ ਭਾਰਤਮਾਲਾ ਪ੍ਰਾਜੈਕਟ ਅਧੀਨ ਬਣਾਏ ਜਾ ਰਹੇ ਦਿੱਲੀ-ਜੰਮੂ-ਕੱਟੜਾ ਐਕਸਪ੍ਰੈੱਸ ਨੈਸ਼ਨਲ ਹਾਈਵੇ ਦੇ ਅਧੀਨ 27 ਅਕਤੂਬਰ 2022 ਨੂੰ ਪ੍ਰਸ਼ਾਸਨ ਤੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਵਲੋਂ ਕਿਸਾਨ ਜਗਜੀਤ ਸਿੰਘ ਦੀ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਕਾਰਨ ਵੱਡੇ ਮਾਨਸਿਕ ਤਣਾਅ ਵਿੱਚ ਹੋਣ ਕਰਕੇ ਉਸ ਸਮੇਂ ਕਿਸਾਨ ਜਗਜੀਤ ਸਿੰਘ ਆਪਣੀ ਜ਼ਮੀਨ ਵਿੱਚੋਂ ਆਪਣੇ ਘਰ ਪਿੰਡ ਔਜਲਾ ਨੂੰ ਵਾਪਿਸ ਜਾ ਰਹੇ ਸੀ ਕਿ ਨੈਸ਼ਨਲ ਹਾਈਵੇ ਉਪਰ ਅਚਾਨਕ ਕਿਸੇ ਅਣਪਛਾਤੇ ਟਰੱਕ ਹੇਠਾਂ ਆ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਿਸ ਕਾਰਨ ਉਹ ਮੌਤ ਦੇ ਮੂੰਹ ਵਿੱਚ ਜਾ ਪਏ। ਮ੍ਰਿਤਕ (ਕਿਸਾਨ ਜਗਜੀਤ ਸਿੰਘ) ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਜਗਜੀਤ ਸਿੰਘ ਦੀ 14 ਏਕੜ ਜ਼ਮੀਨ ਇਸ ਨੈਸ਼ਨਲ ਹਾਈਵੇ ਵਿਚ ਆਈ ਹੈ ਪਰ ਸੰਬੰਧਿਤ ਵਿਭਾਗ ਇਸ ਜ਼ਮੀਨ ਦੇ ਨਾਮਾਤਰ ਪੈਸੇ ਦੇ ਰਿਹਾ ਹੈ, ਜਦੋਂਕਿ ਨਾਲ ਲੱਗਦੇ ਹੋਰ ਆਪਣੇ ਚਹੇਤਿਆਂ ਨੂੰ ਕਮਰਸ਼ੀਅਲ ਮੁੱਲ ਦੇ ਹਿਸਾਬ ਨਾਲ ਪੈਸਾ ਦਿੱਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਕੁਝ ਹੀ ਮਰਲੇ ਵਾਲਿਆਂ ਨੂੰ ਕਰੋੜਾਂ ਰੁਪਏ ਦੇ ਹਿਸਾਬ ਨਾਲ ਪੈਸੇ ਦਿੱਤੇ ਜਾ ਰਹੇ ਹਨ ਪਰ ਉਨ੍ਹਾਂ ਦੀ 14 ਏਕੜ ਜਜ਼ਮੀਨ ਦਾ ਮੁੱਲ ਘੱਟ ਪਾਇਆ ਜਾ ਰਿਹਾ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀ ਜਾਣਬੁੱਝ ਕੇ ਕੁੱਝ ਲੋਕਾਂ ਨੂੰ ਜ਼ਿਆਦਾ ਮੁੱਲ ਦੇ ਰਹੇ ਹਨ, ਜਦਕਿ ਇਨ੍ਹਾਂ ਘੱਟ ਮੁੱਲ ਦੇਣ ਕਾਰਨ ਇਸ ਚੱਲ ਰਹੀ ਖਿੱਚੋਤਾਣ ਵਿੱਚ ਮਾਨਸਿਕ ਤਣਾਅ ਕਰਕੇ ਜਗਜੀਤ ਸਿੰਘ ਦੀ ਮੌਤ ਹੋਈ ਹੈ, ਜਿਸ ਦੀ ਜ਼ਿੰਮੇਵਾਰ ਨੈਸ਼ਨਲ ਹਾਈਵੇ ਅਧਿਕਾਰੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਹਨ। ਪੀੜਤ ਪਰਿਵਾਰ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਲੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਸਾਰੇ ਮਾਮਲੇ ਦੀ ਜਾਂਚ ਕਰਵਾ ਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ।

ਗੁ. ਸ੍ਰੀ ਅੱਚਲ ਸਾਹਿਬ ਵਿਖੇ ਜੋੜ ਮੇਲੇ ਮੌਕੇ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ

ਬਟਾਲਾ (ਤਰਲੋਕ ਬੱਗਾ)

ਜਗਤ ਗੁਰੂ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਤੇ ਇਤਿਹਾਸਕ ਗੁਰਦੁਆਰਾ ਸ੍ਰੀ ਅੱਚਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਦਿੱਲੀ ਵਾਲਿਆਂ ਤੇ ਸਮੂਹ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਨੌਮੀ ਦਸਵੀਂ ਦਾ ਸਲਾਨਾ ਜੋੜ ਮੇਲਾ ਬਹੁਤ ਹੀ ਸ਼ਰਧਾ ਸਤਿਕਾਰ ਨਾਲ ਆਰੰਭ ਹੋਇਆ। ਬੀਤੇ

3-Nov-PAGE-12.qxd 11/2/2022 10:35 PM Page 1

ਜਲ ਸਪਲਾਈ ਕਾਮਿਆਂ ਵੱਲੋਂ ਕਾਰਜਕਾਰੀ ਇੰਜੀਨੀਅਰ ਦੇ ਦਫਤਰ ਅੱਗੇ ਰੋਸ ਰੈਲੀ 9 ਨੂੰ

ਹੁਸ਼ਿਆਰਪੁਰ, (ਬਲਵੀਰ ਸੈਣੀ)

ਪੀ.ਡਬਲਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਰ ਯੂਨੀਅਨ ਥ੍ਰਾਂਚ ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 2 ਦੇ ਕਾਰਜਕਾਰੀ ਇੰਜੀਨੀਅਰ ਨਾਲ ਮਿਤੀ 4 ਅਗਸਤ ਨੂੰ ਹੋਈ ਲਿਖਤੀ ਮੀਟਿੰਗ ਵਾਰੇ ਵਿਚਾਰ ਕੀਤਾ ਗਿਆ, ਕਾਰਜਕਾਰੀ ਇੰਜੀਨੀਅਰ ਦੁਆਰਾ ਮੰਗਾ ਮੰਨ ਕੇ ਨਾ ਤਾਂ ਕਿਸੇ ਮੰਗ ਦਾ ਹੱਲ ਕੀਤਾ ਅਤੇ ਨਾਂ ਹੀ ਜਥੇਬੰਦੀ ਨੂੰ ਕੋਈ ਪ੍ਰਸੀਡਿੰਗ ਜਾਰੀ ਕੀਤੀ, ਜਿਸ ਕਰਕੇ ਮੁਲਜ਼ਮਾ ਵਿਚ ਕਾਫੀ ਰੋਸ ਹੈ। ਮੀਟਿੰਗ ਵਿੱਚ ਮੰਨੀਆਂ ਮੰਗਾਂ ਵਿੱਚ ਆਊਟ ਸੋਰਸਿੰਗ ਅਤੇ ਕੰਨਟਰੈਕਟ ਮੁਲਾਜ਼ਮਾਂ ਦੀ ਤਨਖਾਹ ਸਮੇ ਤੇ ਦੇਣ, ਵਾਟਰ ਸਪਲਾਈ ਸਕੀਮਾਂ ਤੇ ਕੰਡਿਆਲੀ ਤਾਰ ਲਾਉਣਾ, ਸਕੀਮਾ ਦੇ ਪੰਪ ਚੈਂਬਰਾਂ ਦੀ ਰਿਪੇਅਰ ਕਰਨ, ਕੁਲਦੀਪ ਸਿੰਘ ਦੀ ਬਦਲੀ ਕਰਨ, ਲੀਕੇਜ ਠੀਕ ਕਰਨ ਲਈ ਲੋੜੀਂਦਾ ਸਮਾਨ ਤੁਰੰਤ ਦੇਣ ਅਤੇ ਜਲ ਸਪਲਾਈ ਸਕੀਮਾਂ ਤੇ ਵਰਕਰਾਂ ਦੀ ਘਾਟ ਨੂੰ ਦੂਰ ਕਰਨ ਆਦਿ ਬਹੁਤ ਸਾਰੀਆਂ ਮੰਗਾਂ ਹਨ ਜਿਸ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਰਨਲ ਸਕੱਤਰ ਰਾਕੇਸ਼ ਮਹਿਲਾਂਵਾਲੀ ਨੇ ਦੱਸਿਆ ਕਿ ਜੱਥੇਬੰਦੀ ਵੱਲੋਂ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਹੈ ਕਿ ਜੇਕਰ ਕਾਰਜਕਾਰੀ ਇੰਜੀਨੀਅਰ ਵਲੋਂ 7 ਨਵੰਬਰ ਤੱਕ ਮੰਗਾਂ ਦਾ ਹੱਲ ਕਰਕੇ ਜੱਥੇਬੰਦੀ ਨੂੰ ਮੀਟਿੰਗ ਦਾ ਸਮਾਂ ਨਾ ਦਿੱਤਾ ਗਿਆ ਤਾਂ 9 ਨਵੰਬਰ ਨੂੰ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ 2 ਦੇ ਦਫ਼ਤਰ ਮਾਡਲ ਟਾਊਨ ਵਿਖੇ ਧਰਨਾ ਦਿੱਤਾ ਜਾਵੇਗਾ। ਮੀਟਿੰਗ ਜਸਵੀਰ ਸਿੰਘ, ਨਿਰਮਲ ਸਿੰਘ, ਬਲਵੰਤ ਸਿੰਘ, ਰਜਿੰਦਰ ਕੁਮਾਰ, ਕੁਲਦੀਪ ਸਿੰਘ, ਮਨੋਹਰ ਸਿੰਘ, ਪੂਰਨ ਸਿੰਘ, ਰਿੰਕੂ, ਸਨਦੀਪ ਕੁਮਾਰ,ਦਵਿੰਦਰ ਸਿੰਘ, ਹਰੀ ਸ਼ੰਕਰ, ਵਰਿੰਦਰ ਸਿੰਘ, ਪ੍ਰਕਾਸ਼, ਰਵੀ ਕੁਮਾਰ, ਗੁਰਨਾਮ ਸਿੰਘ, ਰਜਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

ਆਮ ਆਦਮੀ ਪਾਰਟੀ ਪੰਜਾਬ ਦੀ ਪੰਜਾਬ ਐਗਰੀ ਐਕਸਪੋਰਟ ਦੀ ਮੀਟਿੰਗ ਚੰਡੀਗੜ੍ਹ ਵਿਖੇ ਚੇਅਰਮੈਨ ਮੰਗਲ ਸਿੰਘ ਬਾਸੀ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਬਾਸੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਪੰਜਾਬ ਸੂਬੇ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਐਮ ਡੀ ਮਨਜੀਤ ਸਿੰਘ, ਜੀ ਐਮ ਰਣਵੀਰ ਸਿੰਘ, ਮੈਨੇਜਰ ਐਕਸਪੋਰਟ, ਐਗਰੀ ਸਕੱਤਰ, ਸੀਨੀਅਰ ਮੈਨੇਜਰ ਅਤੇ ਅਸਿਸਟੈਂਟ ਮੈਨੇਜਰ ਵੀ ਸ਼ਾਮਲ ਸਨ।

ਪ੍ਰਿੰ. ਸਰਗਮ ਬਿੰਦ ਸਰਵੋਤਮ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਤ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)

ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਪੰਜਾਬ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਦੂਸਰਾ ਐੱਫ ਏ ਪੀ 2022 ਐਵਾਰਡ ਦਾ ਆਯੋਜਨ ਕੀਤਾ ਗਿਆ, ਜਿਸ 'ਚ ਦੇਸ਼ ਭਰ 'ਚੋਂ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਵੱਖ-ਵੱਖ ਸ਼੍ਰੇਣੀਆਂ 'ਚ ਭਾਗ ਲਿਆ, ਜਿਸ ਵਿਚ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਸਰਗਮ ਬਿੰਦ ਨੂੰ ਵਿਦਿਆਰਥੀਆਂ ਨੂੰ ਅਕੈਡਮਿਕ, ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਪ੍ਰਦਾਨ ਕਰਨ 'ਤੇ ਤਸੱਲੀਬਖਸ਼ ਨਤੀਜੇ ਲਿਆਉਣ ਕਰ ਕੇ ਸਰਬੋਤਮ ਸਕੂਲ ਪ੍ਰਿੰਸੀਪਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਸਕੂਲ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ ਵੱਲੋਂ ਮੈਡਮ ਪ੍ਰਿੰਸੀਪਲ ਸਰਗਮ ਬਿੰਦ ਨੂੰ ਬਹੁਤ-ਬਹੁਤ ਵਧਾਈ ਦਿੱਤੀ ਗਈ।

ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੇ ਵੋਟਰਾਂ ਨੂੰ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਵੰਡਣ ਦੀ ਸ਼ਰਆਤ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਜਸਪ੍ਰੀਤ ਸਿੰਘ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹੇ ਦੇ ਵੋਟਰਾਂ ਨੂੰ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਵੰਡਣ ਦੀ ਸ਼ੁਰੂਆਤ ਕੀਤੀ ਗਈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸੰਬੰਧੀ ਕਰਵਾਏ ਸਾਦੇ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੋਟਰ ਸੂਚੀ ਨੂੰ ਹੋਰ ਪਾਰਦਰਸ਼ੀ ਅਤੇ ਤਰੁੱਟੀ ਰਹਿਤ ਬਣਾਉਣ ਦੇ ਮੰਤਵ ਨਾਲ ਚੋਣ ਕਮਿਸ਼ਨ ਵੱਲੋਂ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਮੁਹਿੰਮ ਸ਼ੁਰੂ ਕਰਨ ਦੇ ਨਾਲ-ਨਾਲ ਵੋਟਰਾਂ ਨੂੰ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਜਾਰੀ ਕਰਨ ਦਾ ਵੀ ਫ਼ੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਹੀਨਾ ਅਗਸਤ ਦੌਰਾਨ ਰਜਿਸਟਰਡ ਹੋਏ 2997 ਵੋਟਰਾਂ ਦੇ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਤਿਆਰ ਕਰਵਾਏ ਗਏ ਹਨ, ਜਿਨ੍ਹਾਂ ਦੀ ਵੰਡ ਦੀ ਸ਼ੁਰੂਆਤ ਅੱਜ ਜ਼ਿਲ੍ਹਾ ਪੱਧਰ 'ਤੇ ਕੁਝ ਵੋਟਰਾਂ ਨੂੰ ਇਹ ਸ਼ਨਾਖਤੀ ਕਾਰਡ ਤਕਸੀਮ ਕਰਕੇ ਕੀਤੀ ਗਈ ਹੈ। ਬਾਕੀ ਵੋਟਰਾਂ ਨੂੰ ਇਹ ਸ਼ਨਾਖਤੀ ਕਾਰਡ ਸਪੀਡ ਪੋਸਟ ਰਾਹੀਂ ਭੇਜੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਹਲਕਾ ਪੱਧਰ 'ਤੇ ਸਬੰਧਿਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਵੱਲੋਂ ਵੀ ਵੋਟਰਾਂ ਨੂੰ ਵਿਸ਼ੇਸ਼ ਸਮਾਗਮਾਂ ਦੌਰਾਨ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਤਕਸੀਮ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸੁਰੱਖਿਅਤ ਵੋਟਰ ਸ਼ਨਾਖਤੀ ਕਾਰਡ ਵਿੱਚ ਹੋਲੋਗ੍ਰਾਮ ਅਤੇ ਕਿਊ ਆਰ ਕੋਡ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵੋਟਰਾਂ ਨੂੰ ਸੁਰੱਖਿਅਤ ਵੋਟਰ ਫੋਟੋ ਸ਼ਨਾਖਤੀ ਕਾਰਡ ਤਕਸੀਮ ਕੀਤੇ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਐਸ.ਡੀ.ਐਮ. ਬਲਵੀਰ ਰਾਜ ਸਿੰਘ, ਐਸ.ਡੀ.ਐਮ. ਡਾ.ਜੈ ਇੰਦਰ ਸਿੰਘ, ਐਸ.ਡੀ.ਐਮ.ਨਕੋਦਰ ਰਣਦੀਪ ਸਿੰਘ ਹੀਰ, ਐਸ.ਡੀ.ਐਮ. ਫਿਲੌਰ ਅਮਨਪਾਲ ਸਿੰਘ, ਸਹਾਇਕ ਕਮਿਸ਼ਨਰ ਪੰਕਜ ਬਾਂਸਲ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ, ਬੂਥ ਲੈਵਲ ਅਫ਼ਸਰ ਅਤੇ ਵੋਟਰ ਮੌਜੂਦ ਸਨ।

ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਸੰਬੰਧੀ ਮੁਹਿੰਮ ਹੋਈ ਤੇਜ਼

ਐਸ ਏ ਐਸ ਨਗਰ, (ਗੁਰਜੀਤ ਬਿੱਲਾ)

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਚਾਇਤੀ ਜਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਸਬੰਧੀ ਮੁਹਿਮ ਹੋਰ ਤੇਜ਼ ਹੋ ਗਈ ਹੈ । ਬਲਾਕ ਮੋਹਾਲੀ ਵਿਖੇ 10 ਏਕੜ 7 ਕਨਾਲ 3 ਮਰਲੇ ਪੰਚਾਇਤੀ ਜਮੀਨ ਤੋਂ ਨਾਜਾਇਜ ਕਬਜੇ ਹਟਾਏ ਗਏ । ਬਲਾਕ ਮੋਹਾਲੀ ਵਿਖੇ ਪੰਚਾਇਤੀ ਜਮੀਨ ਤੋਂ ਨਾਜਾਇਜ਼ ਕਬਜਾ ਹਟਾਉਣ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬੀ.ਡੀ.ਪੀ.ਓ ਮੋਹਾਲੀ ਸ੍ਰੀਮਤੀ ਪ੍ਰਨੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਨਾਇਬ ਤਹਿਸੀਲਦਾਰ ਮੋਹਾਲੀ ਅਰਜੁਨ ਸਿੰਘ ਗਰੇਵਾਲ ਦੇ ਸਹਿਯੋਗ ਨਾਲ ਗਰਾਮ ਪੰਚਾਇਤ ਸੁੱਖਗੜ ਦੀ 7 ਕਨਾਲ 3 ਮਰਲੇ ਪੰਚਾਇਤੀ ਟੋਭੇ ਦੀ ਜਮੀਨ ਤੋਂ ਨਾਜਾਇਜ ਕਬਜਾ ਹਟਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਨਜਾਇਜ ਕਬਜੇ ਕਾਰਨ ਬਾਰਿਸ ਦੇ ਦਿਨਾਂ ਵਿਚ ਕਈ ਲੋਕਾਂ ਦੇ ਘਰਾਂ ਵਿਚ ਪਾਣੀ ਵੜ ਜਾਂਦਾ ਸੀ, ਹੁਣ ਇਸ ਛੱਪੜ ਦੇ ਰਕਬੇ ਨੂੰ ਖਾਲੀ ਕਰਵਾਉਣ ਨਾਲ ਪਿੰਡ ਵਾਸੀਆਂ ਨੂੰ ਬਰਸਾਤ ਦੇ ਦਿਨਾਂ ਵਿਚ ਕੋਈ ਮੁਸਕਿਲ ਨਹੀਂ ਹੋਵੇਗੀ। ਉਨ੍ਹਾਂ ਨੂੰ ਕਿਹਾ ਕਿ ਇਸ ਨਾਜਾਇਜ਼ ਕਬਜ਼ੇ ਨੂੰ ਛੁਡਵਾਉਣ ਸਮੇਂ ਪਿੰਡ ਵਾਸੀਆਂ ਵੱਲੋਂ ਵੀ ਪੂਰਨ ਸਹਿਯੋਗ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਗਰਾਮ ਪੰਚਾਇਤ ਟੰਗੋਰੀ ਦੀ ਸਾਮਲਾਤ ਜਮੀਨ ਤੋਂ 10 ਏਕੜ (ਜਿਥੇ ਪਹਿਲਾਂ ਲੁੱਕ ਪਲਾਂਟ ਲੱਗਾ ਹੋਇਆ ਸੀ, ਲੀਜ ਦਾ ਸਮਾਂ ਪੂਰਾ ਹੋਣ ਤੇ ਵੀ ਕਬਜਾ ਨਹੀ ਛੱਡ ਰਹੇ ਸੀ) ਤੋਂ ਵੀ ਨਜਾਇਜ ਕਬਜਾ ਹਟਾ ਕੇ ਗਰਾਮ ਪੰਚਾਇਤ ਟੰਗੋਰੀ ਨੂੰ ਦੁਵਾਇਆ ਗਿਆ ਹੈ । ਇਸ ਮੌਕੇ 'ਤੇ ਪੰਚਾਇਤ ਸਕੱਤਰ ਸੁੱਖਗੜ ਸ੍ਰੀਮਤੀ ਹਰਸਿਮਰਨ ਕੌਰ, ਵੀ.ਡੀ.ਓ ਟੰਗੋਰੀ ਅਮਰੀਕ ਸਿੰਘ, ਪਟਵਾਰੀ ਸੁੱਖਗੜ ਸੁਰਿੰਦਰਪਾਲ ਅਤੇ ਕਾਨੂੰਗੋ ਹਲਕਾ ਸਨੇਟਾ ਮਹੇਸ਼ ਮਹਿਤਾ ਵਿਸ਼ੇਸ਼ ਤੌਰ 'ਤੇ ਹਾਜਰ ਸਨ।

ਗੋਆ ਵਿਖੇ ਰਾਸ਼ਟਰ ਪੱਧਰ 'ਤੇ ਫੁੱਟਬਾਲ ਪ੍ਰਤੀਯੋਗਤਾ 'ਚ ਵਾਈ ਐਫ ਸੀ ਦੀਆਂ ਖਿਡਾਰਨਾਂ ਨੇ ਮਾਰੀਆਂ ਮੱਲਾਂ

ਗੁਰਾਇਆ (ਬਿੰਦਰ ਸੁਮਨ)

ਵਾਈ ਐਫ ਸੀ ਰੁੜਕਾ ਕਲਾਂ ਬਹੁਤ ਸਾਰੀਆਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਨਾਲ ਜੁੜੀ ਹੋਈ ਹੈ। ਉਹ ਗੋਲਸ ਫਾਰ ਗਰਲਜ਼ ਨਾਲ ਵੀ ਜੁੜੀ ਹੈ, ਜੋ ਕਿ ਨੌਜਵਾਨ ਲੜਕੀਆਂ ਨਾਲ ਕੰਮ ਕਰਦੀ ਹੈ। ਇਸ ਸਾਲ ਵੀ ਵਾਈ ਐਫ ਸੀ ਰੁੜਕਾ ਕਲਾਂ ਨੂੰ ਇਸ ਸੰਸਥਾ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਵਿੱਚ ਆਨ-ਲਾਈਨ ਸੈਸ਼ਨ ਵੀ ਕੀਤੇ ਗਏ ਸਨ। ਇਨ੍ਹਾਂ ਆਨ-ਲਾਈਨ ਸੈਸ਼ਨ ਦੌਰਾਨ ਉਨ੍ਹਾਂ ਨੂੰ ਪਿੰਡ ਵਿੱਚ ਸਰਵੇ ਕਰਨ ਲਈ ਇੱਕ ਵਿਸ਼ਾ ਵੀ ਸਿਲੈਕਟ ਕਰਨ ਨੂੰ ਕਿਹਾ,ਜਿਸ ਵਿੱਚ ਲੜਕੀਆਂ ਨੇ ਜੇਡਰ ਏਟ ਹੋਮ ਚੁਣਿਆ ਸੀ। ਜਿਸ ਵਿੱਚ ਲੜਕੀਆਂ ਨੇ ਪਿੰਡ ਰੁੜਕਾ ਕਲਾਂ ਵਿੱਚ ਜਾ ਕੇ ਸਰਵੇ ਕੀਤਾ। ਫਿਰ ਸਰਵੇ ਨੂੰ ਇਸ ਸੰਸਥਾ ਨੂੰ ਸਬਮਿੱਟ ਕਰਵਾਇਆ ਗਿਆ ਸੀ। ਸਰਵੇ ਤੋਂ ਬਾਅਦ ਸਬਮਿਸ਼ਨ ਲਈ ਵਾਈ ਐਫ ਸੀ ਦੀਆਂ ਲੜਕੀਆਂ ਗੋਆ ਗਈਆਂ ਸਨ। ਵੱਖ-ਵੱਖ ਸਟੇਟਾਂ ਤੋਂ ਟੀਮਾਂ ਆਈਆਂ ਸਨ ,ਜਿੱਥੇ ਸਪੋਰਟਸ ਫਾਰ ਡਿਪਲਵਮੈਂਟ ਦੇ ਸੈਸ਼ਨ ਲਏ ਗਏ ਸਨ ਤੇ ਸੱਭਿਆਚਾਰਕ ਪ੍ਰੋਗਰਾਮ ਵੀ ਹੋਏ ਸਨ। ਇਸ ਦੇ ਨਾਲ ਹੀ ਫੁੱਟਬਾਲ ਦੇ ਮੈਚ ਵੀ ਕਰਵਾਏ ਸਨ,ਜਿਸ ਵਿੱਚ ਵਾਈ ਐਫ ਸੀ ਦੀਆਂ ਲੜਕੀਆਂ ਨੇ ਅੰਡਰ-16 ਅਤੇ ਅੰਡਰ-20 ਵਿੱਚ ਭਾਗ ਲਿਆ ਸੀ। ਅੰਡਰ-16 ਵਿੱਚ ਵਾਈ ਐਫ ਸੀ ਦੀਆਂ ਲੜਕੀਆਂ ਨੇ ਤੀਜਾ ਸਥਾਨ ਅਤੇ ਅੰਡਰ-20 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ 'ਤੇ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਨੇ ਖੁਸ਼ੀ ਪ੍ਰਗਟ ਕਰਦਿਆਂ ਬੱਚੀਆਂ ਨੂੰ ਹੋਰ ਹੱਲਾਸ਼ੇਰੀ ਦਿੱਤੀ। ਉਨ੍ਹਾਂ ਕਿਹਾ ਕਿ ਵਾਈ ਐਫ ਸੀ ਹਮੇਸ਼ਾ ਬੱਚਿਆਂ ਨੂੰ ਸਪਰੋਟ ਕਰਦੀ ਹੈ ਅਤੇ ਆਉਣ ਵਾਲੇ ਸਮੇ ਵਿੱਚ ਹੋਰ ਵੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੁੜੇ ਰਹਿਣ ਲਈ ਹੋਰ ਵੀ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਮੌਕੇ 'ਤੇ ਕੋਚ ਹਰਸ਼ ਅਤੇ ਪ੍ਰਜੈਕਟ ਅਫਸਰ ਨੈਨਾ ਨੇ ਆਪਣੀ ਖੁਸ਼ੀ ਜਾਹਰ ਕਰਦੇ ਹੋਏ ਦੱਸਿਆ ਕਿ ਲੜਕੀਆਂ ਲਈ ਸਭ ਕੁੱਝ ਨਵਾਂ ਸੀ,ਪਰ ਫੁੱਟਬਾਲ 'ਚ ਦੋਨੋਂ ਉਮਰ ਵਰਗਾਂ ਵਿੱਚ ਜੇਤੂ ਰਹੀਆਂ।

ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ 'ਚ ਫਰੈਸ਼ਰ ਪਾਰਟੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਵਿਖੇ ਜਸ਼ਨ-ਏ-ਆਗਮਨ ਦੀ ਫਰੈਸਰ ਪਾਰਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਨਵੇਂ ਸੈਸ਼ਨ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ਸੱਭਿਆਚਾਰਕ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਵਿਦਿਆਰਥੀਆਂ ਵੱਲੋਂ ਗਿੱਧੇ-ਭੰਗੜੇ ਤੋਂ ਇਲਾਵਾ ਗੀਤ, ਡਾਂਸ ਅਤੇ ਮਾਡਲਿੰਗ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ: ਐਚ.ਪੀ.ਐਸ ਧਾਮੀ ਨੇ ਨਵੇਂ ਸੈਸ਼ਨ ਵਿਚ ਆਏ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਕਾਲਜ ਦੇ ਨਿਯਮਾਂ ਤੋਂ ਜਾਣੂ ਕਰਵਾਇਆ। ਇਸ ਦੌਰਾਨ ਅਲੀਸਾ ਨੂੰ ਮਿਸ ਅਤੇ ਪ੍ਰਥਮ ਨੂੰ ਫਰੈਸ਼ਰ ਮਿਸਟਰ ਚੁਣਿਆ ਗਿਆ। ਇਸ ਮੌਕੇ ਡਾ: ਜੋਤਸਨਾ, ਪ੍ਰੋ: ਬ੍ਰਿਜੇਸ, ਪ੍ਰੋ: ਰੁਪਿੰਦਰ ਕੌਰ, ਪ੍ਰੋ: ਅੰਕਿਤ ਅਤੇ ਪ੍ਰੋ: ਕੰਚਨ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਹਾਜਰ ਸੀ।

ਅਮਨ ਅਰੋੜਾ ਨੇ ਡੀ ਏ ਵੀ ਕਾਲਜ 'ਚ ਜੇਤੂ ਭੰਗੜਾ ਟੀਮਾਂ ਨੂੰ ਇਨਾਮ ਵੰਡੇ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੇ ਇਥੇ ਡੀ.ਏ.ਵੀ. ਕਾਲਜ ਵਿਖੇ ਕਰਵਾਏ ਗਏ 63ਵੇਂ ਪੰਜਾਬ ਯੂਨੀਵਰਸਿਟੀ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੇ ਭੰਗੜਾ ਮੁਕਾਬਲਿਆਂ ਦੀ ਪ੍ਰਧਾਨਗੀ ਕੀਤੀ। ਅਰੋੜਾ ਨੇ ਕਿਹਾ, "ਕਾਲਜ ਵਿੱਚ ਵਿਦਿਆਰਥੀ ਜੀਵਨ ਜ਼ਿੰਦਗੀ ਦਾ ਸਭ ਤੋਂ ਹੁਸੀਨ ਅਤੇ ਬਿਹਤਰੀ